

ਪੁਲਿਸ ਸੰਬੰਧੀ ਨਾਗਰਿਕ ਅਧਿਕਾਰ
ਨਾਗਰਿਕਾਂ ਦੇ ਕਾਨੂੰਨੀ ਅਧਿਕਾਰ
ਔਰਤਾਂ ਦੇ ਕਾਨੂੰਨੀ ਅਧਿਕਾਰ
ਪੁਲਿਸ ਸੰਬੰਧੀ ਕਾਨੂੰਨੀ ਅਧਿਕਾਰ
1

# ਪੁਲਿਸ ਸਟੇਸ਼ਨ ਬਾਰੇ ਜਾਣਕਾਰੀ

## ਪੁਲਿਸ ਸਟੇਸ਼ਨ ਕੀ ਹੈ?

ਪੁਲਿਸ ਸਟੇਸ਼ਨ ਲੋਕਾਂ ਲਈ ਪੁਲਿਸ ਨਾਲ ਸੰਪਰਕ ਕਰਨ ਦੀ ਥਾਂ ਹੈ। ਹਰ ਇਕ ਪੁਲਿਸ ਸਟੇਸ਼ਨ ਦਾ ਆਪਣਾ ਇਕ ਖਾਸ ਭੂਗੋਲਿਕ ਖੇਤਰ ਹੁੰਦਾ ਹੈ ਜਿਸ ਵਿਚ ਰਹਿਣ ਵਾਲਾ ਹਰ ਇਕ ਨਾਗਰਿਕ ਪੁਲਿਸ ਸਟੇਸ਼ਨ ਵਿਚ ਸੰਪਰਕ ਕਰ ਸਕਦਾ ਹੈ।



## ਪੁਲਿਸ ਤੁਹਾਡੀ ਹੇਠ ਲਿਖੇ ਕੰਮਾਂ ਵਿਚ ਮਦਦ ਕਰ ਸਕਦੀ ਹੈ, ਜਿਵੇਂ:-

### ❑ ਸੇਵਾਵਾਂ ਮੁਹੱਈਆ ਕਰਵਾਉਣਾ

ਪਾਸਪੋਰਟ ਸਬੰਧੀ ਜਾਂਚ ਕਰਨਾ, ਹਥਿਆਰਾਂ ਲਈ ਲਾਇਸੈਂਸ, ਚਰਿੱਤਰ ਅਤੇ ਨੌਕਰੀ ਲਈ ਪ੍ਰਮਾਣ ਪੱਤਰ ਜਾਰੀ ਕਰਨਾ, ਕਿਰਾਏਦਾਰਾਂ ਅਤੇ ਪਰਵਾਸੀਆਂ ਦੀ ਵੈਰੀਫਿਕੇ ਨ ਕਰਨਾ ਆਦਿ ਪੁਲਿਸ ਦੇ ਕੰਮ ਹਨ। ਪੁਲਿਸ ਨੇ ਕਈ ਥਾਵਾਂ ਤੇ ਕੁੱਝ ਅਜਿਹੀਆਂ ਸਕੀਮਾਂ ਵੀ ਚਲਾਈਆਂ ਹਨ ਜਿਨ੍ਹਾਂ ਵਿਚ ਪੁਲਿਸ ਬੱਚਿਆਂ ਉਪਰ ਹੋਣ ਵਾਲੇ ਅੱਤਿਆਚਾਰਾਂ ਦੇ ਖਿਲਾਫ ਸਹਾਇਤਾ ਕਰਦੀ ਹੈ, ਮੁਤ ਕਾਨੂੰਨੀ ਮਦਦ ("ਸਹਾਇਤਾ") ਦਿੰਦੀ ਹੈ ਅਤੇ ਇਕ ਖਿੜਕੀ ਸੇਵਾ (ਜਿਸ ਵਿਚ ਆਪ ਪੁਲਿਸ ਸਬੰਧੀ ਕਿਸੇ ਵੀ ਕੰਮ ਲਈ ਇਕ ਹੀ ਥਾਂ (ਖਿੜਕੀ) ਤੇ ਬੇਨਤੀ ਪੱਤਰ ਦੇ ਸਕਦੇ ਹੋ) ਵੀ ਉਪਲਬਧ ਕਰਵਾਉਂਦੀ ਹੈ।

| ਬਾਲ ਸਹਾਇਤਾ ਸਕੀਮ |
|---|
| ਪੰਜਾਬ ਪੁਲਿਸ (ਸੰਗਰੂਰ) ਦੁਆਰਾ ਬੱਚਿਆਂ ਉੱਪਰ ਹੋ ਰਹੇ ਮਾਨਸਿਕ ਅਤੇ ਸਰੀਰਿਕ ਅੱਤਿਆਚਾਰ ਦੇ ਖਿਲਾਫ ਇਕ ਬਾਲ ਸਹਾਇਤਾ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਤਹਿਤ ਘਰਾਂ ਵਿਚ ਕੰਮ ਕਰ ਰਹੇ ਬੱਚਿਆਂ, ਬੰਦੂਆ ਮਜ਼ਦੂਰਾਂ ਅਤੇ ਗਰੀਬ ਬੱਚਿਆਂ, ਜਿਨ੍ਹਾਂ ਦਾ ਜਿਸਮਾਨੀ ਸੋਸ਼ਨ ਹੋ ਰਿਹਾ ਹੈ, ਲਈ ਜ਼ਿਲ੍ਹਾ ਪੁਲਿਸ ਹੈਡਕੁਆਟਰ ਵਿਚ ਇਕ ਹੈਲਪ ਲਾਇਨ ਸ਼ੁਰੂ ਕੀਤੀ ਹੈ ਜਿੱਥੇ ਕੋਈ ਵੀ ਵਿਅਕਤੀ 1●● ਨੰਬਰ ਫੋਨ ਤੇ ਆਪਣੀ ਸ਼ਿਕਾਇਤ ਦੇ ਸਕਦਾ ਹੈ। ਇਸ ਕੰਮ ਲਈ ਇਕ ਮਹਿਲਾ ਅਧਿਕਾਰੀ ਹਮੇਸ਼ਾਂ ਇਸ ਲਾਇਨ ਤੇ ਰਹਿੰਦੀ ਹੈ। ਇਸ ਸਕੀਮ ਦੇ ਪ੍ਰਚਾਰ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਪੁਲਿਸ ਲੋਕਲ ਕਲੱਬ ਅਤੇ ਸੰਸਥਾਵਾਂ ਦਾ ਸਹਿਯੋਗ ਵੀ ਲੈ ਰਹੀ ਹੈ। |

## ਟ੍ਰੈਫਿਕ ਨਿਯਮਾਂ ਦੀ ਸਿਖਲਾਈ ਅਤੀ ਰੂਰੀ - ਹਾਰਾ

ਪਟਿਆਲਾ, 13 ਫਰਵਰੀ (ਨ.ਪ.ਪ.) - ਪਿਛਲੇ ਕੁੱਝ ਸਮੇਂ 'ਚ ਹੀ ਭਾਰਤ 'ਚ ਵਹੀਕਲਾਂ ਦੀ ਗਿਣਤੀ 'ਚ ਬੇਤਹਾਸ਼ਾ ਵਾਧਾ ਹੋਇਆ ਹੈ ਭਾਵੇਂ ਸੜਕਾਂ ਦਾ ਉਸ ਤੇਜ਼ੀ ਨਾਲ ਵਿਕਾਸ ਨਹੀਂ ਹੋਇਆ। ਇਸ ਤੇਜ਼ ਰੁਫ਼ਤਾਰ ਵਾਹਨਾਂ ਨੂੰ ਸਹੀ ਰੂਪ ਵਿਚ ਚਲਾਉਣਾ ਇਕ ਵੱਡੀ ਸਿਰਦਰਦੀ ਬਣ ਗਿਆ ਹੈ। ਟਰੈਫਿਕ 'ਚ ਸੁਧਾਰ ਤੇ ਯੁਵਕਾਂ ਨੂੰ ਬੇਨਿਯਮੀਆਂ ਤੋਂ ਰੋਕਣ ਲਈ ਹੁਣ ਪਟਿਆਲਾ ਦੀ ਟਰੈਫਿਕ ਪੁਲਿਸ ਨੇ ਉੱਡਣ ਦਸਤਿਆਂ ਨੂੰ ਵਾਇਰਲੈਸ ਪ੍ਰਣਾਲੀ ਨਾਲ ਜੋੜਿਆ ਹੈ। ਇਸ ਨਵੀਂ ਪ੍ਰਣਾਲੀ ਬਾਰੇ ਜਾਣਕਾਰੀ ਦਿੰਦੇ ਹੋਏ ਪਟਿਆਲਾ ਦੇ ਡੀ.ਐਸ.ਪੀ. ਟਰੈਫਿਕ ਸ. ਰਛਪਾਲ ਸਿੰਘ ਹਾਰਾ ਨੇ ਦੱਸਿਆ ਕਿ ਟਰੈਫਿਕ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਪੁਲਿਸ ਨੇ ਕਈ ਨਵੇਂ ਉਪਰਾਲੇ ਤੇ ਸਖਤ ਕਦਮ ਚੁੱਕੇ ਹਨ।

ਪਹਿਲਾਂ ਬਿਨਾਂ ਹੈਲਮਟ ਜਾਂ ਹੋਰ ਉਲੰਘਣਾਂ ਵਾਲੇ ਟਰੈਫਿਕ ਪੁਲਿਸ ਨੂੰ ਦੇਖਦੇ ਹੀ ਦੌੜ ਜਾਂਦੇ ਸਨ ਪਰੰਤੂ ਹੁਣ ਉਨ੍ਹਾਂ ਨੂੰ ਕਾਬੂ ਕਰਨ ਈ ਤਿੰਨ ਮੋਬਾਈਲ ਟੀਮਾਂ ਨਿਯੁਕਤ ਕੀਤੀਆਂ ਹਨ ਜਿਨ੍ਹਾਂ ਦਾ ਟਰੈਫਿਕ ਮੁੱਖ ਦੁਫ਼ਤਰ ਨਾਲ ਸਿੱਧਾ ਸਬੰਧ ਹੈ ਤੇ ਇਨ੍ਹਾਂ ਨੂੰ ਸੂਚਨਾ ਮਿਲਦੇ ਹੀ ਇਹ ਤੇਜ਼ ਰਫਤਾਰ ਤੇ ਹੋਰ ਬੇਨਿਯਮੀਆਂ ਵਾਲਿਆਂ ਨੂੰ ਰੋਕ ਕੇ ਚਲਾਨ ਕੱਟਦੇ ਹਨ। ਇਸ ਪ੍ਰਣਾਲੀ ਰਾਹੀਂ ਜੋ ਯੁਵਕ ਹੈਲਮਟ ਹੱਥਾਂ 'ਚ ਪਾ ਲੈਂਦੇ ਸਨ, ਉਨ੍ਹਾਂ ਦੇ ਵਿਸ਼ੇਸ਼ ਚਲਾਨ ਕੱਟੇ ਗਏ ਹਨ। ਜਨਵਰੀ ਮਹੀਨੇ 'ਚ ਹੀ 757 ਕੁੱਲ ਚਲਾਨ ਕੱਟੇ ਗਏ ਤੇ ਬਿਨਾਂ ਹੈਲਮਟ ਵਾਲੇ 431 ਸਕੂਟਰ ਮੋਟਰ ਸਾਈਕਲ ਸਵਾਰਾਂ ਦੇ ਚਲਾਨ ਹਨ। 52 ਪ੍ਰੈਸ਼ਰ ਹਾਰਨ, 81 ਬਿਨਾਂ ਕਾਗ ਾਤ ਤੇ 187 ਫੁੱਟਕਲ ਚਲਾਨ ਹਨ। ਇਸ ਤਰ੍ਹਾਂ ਇਨ੍ਹਾਂ ਬੇਨਿਯਮੀਆਂ ਕਰਨ ਵਾਲਿਆਂ ਨੂੰ ਅਦਾਲਤ 'ਚ ਪੇਸ਼ ਕਰਕੇ ਭਾਰੀ ਜੁਰਮਾਨੇ ਕੀਤੇ। ਟਰੈਫਿਕ ਲਈ ਕੁੱਲ ਨਫਰੀ ਬਾਰੇ ਸ਼੍ਰੀ ਹਾਰਾ ਨੇ ਦੱਸਿਆ ਕਿ ਉਨ੍ਹਾਂ ਤੋਂ ਇਲਾਵਾ ਦੋ ਇੰਸਪੈਕਟਰ, 3 ਸਬ ਇੰਸਪੈਕਟਰ, 6 ਸਹਾਇਕ ਸਬ ਇੰਸਪੈਕਟਰ, 18 ਹੈਡ ਕਾਂਸਟੇਬਲ ਅਤੇ 76 ਕਾਂਸਟੇਬਲ ਕੰਮ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਟਰੈਫਿਕ ਨਿਯਮਾਂ ਦੀ ਜਾਣਕਾਰੀ ਲਈ ਸਕੂਲਾਂ ਕਾਲਜਾਂ 'ਚ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕ ਸਹਿਯੋਗ ਦੇਣ ਤਾਂ ਟਰੈਫਿਕ ਪ੍ਰਣਾਲੀ 'ਚ ਹੋਰ ਸੁਧਾਰ ਹੋ ਸਕਦਾ ਹੈ। ਅਸੀਂ ਬਹੁਤ ਸਾਰੇ ਹਾਦਸਿਆਂ ਤੋਂ ਬਚ ਸਕਦੇ ਹਾਂ।

ਇਸ ਸਬੰਧ 'ਚ ਪੁਲਿਸ ਸੂਰਤਾਂ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਾਲੇ ਪੁਲਿਸ (ਟਰੈਫਿਕ) ਨਫਰੀ ਬਹੁਤ ਘੱਟ ਹੈ। ਜੇਕਰ ਟਰੈਫਿਕ ਨੂੰ ਸਹੀ ਤੇ ਸਰਲ ਢੰਗ ਨਾਲ ਲਾਗੂ ਕਰਨਾ ਹੈ ਤਾਂ ਲੋਕਾਂ ਦੇ ਸਹਿਯੋਗ ਦੇ ਨਾਲ ਨਫਰੀ ਹੋਰ ਹੋਣੀ ਲਾਜ਼ਮੀ ਹੈ। ਇਕ ਸਮਾਜ ਸੇਵੀ ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਯੁਵਕ ਵਰਗ ਨੂੰ ਹੋਰ ਸਿਖਲਾਈ ਲਈ ਮਾਪਿਆਂ ਦੀ ਵੱਡੀ ਜ਼ਿਮੇਂਵਾਰੀ ਹੈ।

ਸ੍ਰੋਤ - ਅਜੀਤ

## ਕਿਰਾਏਦਾਰਾਂ ਦੇ ਵੇਰਵੇ ਸਬੰਧਿਤ ਪੁਲਿਸ ਥਾਣਿਆਂ 'ਚ ਦੇਣ ਦੇ ਹੁਕਮ

ਰੋਪੜ, 27 ਫਰਵਰੀ (ਕੰਵਲ) – ਸ. ਗੁਰਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਮੈਜਿਸਟਰੇਟ ਰੋਪੜ ਨੇ ਇਕ ਹੁਕਮ ਰਾਹੀਂ ਮਕਾਨ ਮਾਲਕਾਂ ਨੂੰ ਆਪਣੇ ਕਿਰਾਏ ਤੇ ਦਿੱਤੇ ਮਕਾਨਾਂ ਵਿਚ ਰਹਿਣ ਵਾਲੇ ਕਿਰਾਏਦਾਰਾਂ ਦੇ ਨਾਂਅ ਅਤੇ ਪੂਰੇ ਵੇਰਵੇ ਆਪਣੇ ਇਲਾਕੇ ਦੇ ਥਾਣੇ/ਪੁਲਿਸ ਚੌਕੀ ਵਿਚ ਤੁਰੰਤ ਦਰਜ ਕਰਾਉਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹੇ ਵਿਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਆਪਣੇ ਇਕ ਹੋਰ ਹੁਕਮ ਰਾਹੀਂ ਉਨ੍ਹਾਂ ਆਪਣੇ ਘਰਾਂ ਅੰਦਰ ਰੱਖੇ ਗਏ ਘਰੇਲੂ ਨੌਕਰਾਂ ਦਾ ਪੂਰਾ ਪਤਾ, ਉਸ ਦੀ ਫੋਟੋ ਸਮੇਤ ਵੀ ਆਪਣੇ ਨਜ਼ਦੀਕ ਥਾਣੇ/ਪੁਲਿਸ ਚੌਕੀ ਵਿਚ ਦਰਜ ਕਰਾਉਣ ਦੇ ਆਦੇਸ਼ ਦਿੱਤੇ ਹਨ। ਇਹ ਹੁਕਮ ਜ਼ਿਲ੍ਹੇ ਵਿਚ ਜੁਰਮ ਪੇਸ਼ਾ ਕਰਨ ਵਾਲੇ ਅਨਸਰਾਂ ਦੀਆਂ ਕਾਰਵਾਈਆਂ ਦੀ ਰੋਕਥਾਮ ਕਰਨ ਲਈ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਇਕ ਹੋਰ ਵੱਖਰੇ ਹੁਕਮ ਰਾਹੀਂ ਜ਼ਿਲ੍ਹੇ ਦੀ ਹੱਦ ਅੰਦਰ ਸ਼ਾਮ 6 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਲਾਊਡ ਸਪੀਕਰ ਦੀ ਵਰਤੋਂ ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ ਉਨ੍ਹਾਂ ਲਾਊਡ ਸਪੀਕਰਾਂ ਤੇ ਲਾਗੂ ਨਹੀਂ ਹੋਣਗੇ, ਜਿਨ੍ਹਾ ਦੀ ਵਰਤੋਂ ਸਰਕਾਰੀ ਮੰਤਵ ਲਈ ਕੀਤੀ ਜਾ ਰਹੀ ਹੈ ਜਾਂ ਉਹ ਲਾਊਡ ਸਪੀਕਰ ਜਿਨ੍ਹਾ ਦੀ ਆਵਾਜ਼ ਇਮਾਰਤਾਂ ਦੇ ਅੰਦਰ ਅੰਦਰ ਹੀ ਰਹਿੰਦੀ ਹੈ। ਹੁਕਮਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਲਾਉਡ ਸਪੀਕਰ ਵਜਾਉਣ ਦੀ ਪ੍ਰਵਾਨਗੀ ਸਬੰਧਿਤ ਉਪ ਮੰਡਲ ਮੈਜਿਸਟਰੇਟ ਵਲੋਂ ਦਿੱਤੀ ਜਾਵੇਗੀ। ਜ਼ਿਲ੍ਹਾ ਮੈਜਿਸਟਰੇਟ ਨੇ ਰਾਜਸੀ ਪਾਰਟੀਆਂ, ਸਰਕਾਰੀ, ਅਰਧ ਸਰਕਾਰੀ ਮੁਲਾਜ਼ਮ ਜੱਥੇਬੰਦੀਆਂ ਵਲੋਂ ਜ਼ਿਲ੍ਹਾ ਕਚਿਹਿਰੀ ਕੰਪਾਊਂਡ ਦੇ ਘੇਰੇ ਅੰਦਰ ਆਉਂਦੇ ਖੇਤਰ ਵਿਚ ਕਿਸੇ ਕਿਸਮ ਦਾ ਜਲੂਸ ਕੱਢਣ, ਜਲਸਾ ਕਰਨ, ਲਾਉਡ ਸਪੀਕਰ ਲਗਾ ਕੇ ਭਾਸ਼ਣ ਕਰਨ ਜਾਂ ਧਰਨੇ ਆਦਿ ਤੇ ਬੈਠਣ ਦੀ ਵੀ ਪਾਬੰਦੀ ਲਗਾ ਦਿੱਤੀ ਹੈ। ਇਹ ਸਾਰੇ ਹੁਕਮ ਜ਼ਿਲ੍ਹੇ ਵਿਚ ਤੁਰੰਤ ਲਾਗੂ ਹੋ ਗਏ ਹਨ ਅਤੇ 17 ਅਪ੍ਰੈਲ, 2●●● ਤੱਕ ਲਾਗੂ ਰਹਿਣਗੇ।

ਸ੍ਰੋਤ – ਅਜੀਤ

## ਇਕ ਖਿੜਕੀ ਸੇਵਾ (ਪਬਲਿਕ ਵਿੰਡੋ ਸਿਸਟਮ)

ਲੋਕਾਂ ਨੂੰ ਆਪਣੀਆਂ ਸ਼ਿਕਾਇਤਾਂ, ਨੌਕਰੀ ਅਤੇ ਪਾਸਪੋਰਟ ਵੈਰੀਫਿਕੇਸ਼ਨ, ਧਾਰਮਿਕ ਅਤੇ ਰਾਜਨੀਤਿਕ ਜਲਸਿਆਂ ਦੀ ਆਗਿਆ, ਲਾਉਡ ਸਪੀਕਰ ਦੀ ਆਗਿਆ, ਆਪਣੇ ਕੇਸਾਂ ਦੇ ਬਾਰੇ ਜਾਣਕਾਰੀ ਅਤੇ ਐਫ.ਆਈ.ਆਰ. ਦੀ ਨਕਲ ਲੈਣ ਲਈ ਵੱਖ ਵੱਖ ਪੁਲਿਸ ਸਟੇਸ਼ਨਾਂ, ਪੁਲਿਸ ਹੈਡਕਵਾਰਟਰ ਜਾਂ ਡਿਵੀਜ਼ਨਾਂ ਦੇ ਗੇੜੇ ਨਾ ਕਢੱਣੇ ਪੈਣ ਕਿਉਂਕਿ ਇਸ ਨਾਲ ਲੋਕਾਂ ਦੇ ਨਾਲ ਨਾਲ ਅਫ਼ਸਰਾਂ ਨੂੰ ਵੀ ਖੇਚਲ ਹੁੰਦੀ ਸੀ, ਇਸ ਲਈ ਪਟਿਆਲਾ ਪੁਲਿਸ ਨੇ ਇਕ ਖਿੜਕੀ ਸੇਵਾ ਚਲਾ ਰੱਖੀ ਹੈ। ਇਸ ਸੇਵਾ ਦਾ ਮੁੱਖ ਉਦੇਸ਼ ਹਰ ਪ੍ਰਕਾਰ ਦੇ ਕੰਮਾਂ ਦਾ ਨਿਪਟਾਰਾ ਇਕੋ ਥਾਂ ਤੇ ਕਰ ਦੇਣਾ ਹੈ ਤਾਂ ਕਿ ਲੋਕਾਂ ਨੂੰ ਜਗ੍ਹਾ ਜਗ੍ਹਾ ਭਟਕਣਾ ਨਾ ਪਵੇ।

## ❑ ਸੁਰੱਖਿਆ ਦਾ ਇੰਤਜ਼ਾਮ ਕਰਨਾ

ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਸਮਾਰੋਹਾਂ ਵਿਚ ਕਿਸੇ ਦੁਆਰਾ ਬੇਨਤੀ ਕਰਨ ਤੇ ਸੁਰੱਖਿਆ ਦਾ ਇੰਤਜ਼ਾਮ ਕਰਨਾ ਅਤੇ ਜ਼ਰੂਰਤ ਪੈਣ ਤੇ ਗਲਤ ਲੋਕਾਂ ਉਪਰ ਨਿਗਰਾਣੀ ਰੱਖਣਾ ਅਤੇ ਚੋਰੀ, ਛੇੜਖਾਨੀ ਆਦਿ ਨੂੰ ਰੋਕਣਾ ਪੁਲਿਸ ਦਾ ਕੰਮ ਹੈ।

### ਪੰਜਾਬ ਯੁਨੀਵਰਸਿਟੀ ਦੇ ਹੋਸਟਲਾਂ ਵਿਚ 23 ਬਾਹਰ ਦੇ ਬੰਦੇ ਫੜੇ ਗਏ

ਬੁੱਧਵਾਰ ਰਾਤ ਪੰਜਾਬ ਯੁਨੀਵਰਸਿਟੀ ਦੇ ਹੋਸਟਲਾਂ ਵਿਚ ਛਾਪਿਆਂ ਦੇ ਦੌਰਾਨ 23 ਵਿਅਕਤੀ ਅਣਅਧਿਕਾਰਤ ਤੌਰ ਤੇ ਰਹਿੰਦੇ ਫੜੇ ਗਏ। ਪੁਲਿਸ ਨੇ ਉਨ੍ਹਾਂ ਨੂੰ ਕਿਸੇ ਦੀ ਸ਼ਨਾਖਤ ਉੱਤੇ ਛੱਡ ਦਿੱਤਾ।

ਗੈਰ ਸਮਾਜਿਕ ਤੱਤਾਂ ਦੀ ਧਰ ਪਕੜ ਲਈ ਸੈਂਟਰਲ ਡਿਵੀਜ਼ਨ ਪੁਲਿਸ ਵਲੋਂ ਜਾਰੀ ਛਾਪਾਮਾਰ ਮੁਹਿੰਮ ਬੁੱਧਵਾਰ ਨੂੰ ਵੀ ਜਾਰੀ ਰਹੀ।

ਹੋਟਲਾਂ, ਠੇਕਿਆਂ, ਗੈਸਟ ਹਾਉਸਾਂ, ਡਿਸਕੋ ਹਾਲਾਂ ਤੇ ਸ਼ਰਾਬੀਆਂ ਨੂੰ ਫੜਨ ਲਈ ਮਾਰੇ ਗਏ ਛਾਪਿਆਂ ਵਿਚ ਪੁਲਿਸ ਨੇ ਅਲੱਗ ਅਲੱਗ ਥਾਵਾਂ ਤੇ 19 ਲੋਕਾਂ ਨੂੰ ਗਿਰਫਤਾਰ ਕੀਤਾ।

ਪੁਲਿਸ ਨੇ ਦਾਅਵਾ ਕੀਤਾ ਕਿ ਸੈਕਟਰ 22 ਤੋਂ ਗੈਰ ਕਾਨੂੰਨੀ ਤੌਰ ਤੇ ਲੋਕਾਂ ਨੂੰ ਲਿਜਾਣ ਵਾਲੀਆਂ ਬੱਸਾਂ ਤੇ ਰੋਕ ਲਗਾ ਦਿੱਤੀ ਹੈ।

ਲੋਕ ਇਨ੍ਹਾਂ ਬੱਸਾਂ ਵਿਚ ਸਫਰ ਕਰਨ ਤੋਂ ਗੁਰੇਜ਼ ਕਰਨ ਲੱਗ ਪਏ ਹਨ। ਪਿਛਲੇ ਚੌਵ੍ਹੀ ਘੰਟਿਆਂ ਵਿਚ ਪੁਲਿਸ ਨੇ ਕਈ ਥਾਵਾਂ ਤੇ ਆਮ ਰਸਤਾ ਰੋਕਣ ਦੇ ਦੋਸ਼ ਲਈ ਗਿਰਫਤਾਰ ਕੀਤਾ।

ਪੁਲਿਸ ਦੇ ਮੁਤਾਬਿਕ ਬੀਤੇ ਚੌਵ੍ਹੀ ਘੰਟਿਆਂ ਵਿਚ ਅਲੱਗ ਅਲੱਗ ਧਾਰਾਵਾਂ ਦੇ ਤਹਿਤ ਫੜੇ ਗਏ 24 ਵਿਅਕਤੀਆਂ ਵਿਚੋਂ 12 ਰਾਬ ਪੀ ਕੇ ਸ਼ਾਂਤ ਮਹੌਲ ਖਰਾਬ ਕਰਨ ਲਈ, ਛੇ ਸ਼ੱਕੀ ਹਾਲਾਤਾਂ ਵਿਚ ਅਵਾਰਾ ਘੁੰਮਣ ਦੇ ਆਰੋਪ ਵਿਚ ਅਤੇ ਇਕ ਨੂੰ ਮੋਟਰ ਵਾਹਨ ਅਭਿਆਨ ਦੇ ਤਹਿਤ ਗਿਰਫਤਾਰ ਕੀਤਾ ਗਿਆ।

ਅਮਰ ਉਜਾਲਾ

## ਅੱਠ ਲੱਖ ਭਗਤਾਂ ਦੇ ਆਉਣ ਦੀ ਸੰਭਾਵਨਾ, ਸੁਰੱਖਿਆ ਦੇ ਇੰਤਜ਼ਾਮ - ਮਨਸਾ ਦੇਵੀ ਮੇਲੇ ਦੀਆਂ ਤਿਆਰੀਆਂ ਨੂੰ ਅੰਤਮ ਰੂਪ ਦਿੱਤਾ।

ਪੰਚਕੂਲਾ ਦੇ ਨੇੜੇ, ਆਉਣ ਵਾਲੇ ਪੰਜ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਮਾਤਾ ਮਨਸਾ ਦੇਵੀ ਵਿਚ ਨਵਰਾਤਰਿਆਂ ਦੇ ਮੇਲੇ ਦੀਆਂ ਤਿਆਰੀਆਂ ਨੂੰ ਅੰਤਮ ਰੂਪ ਦਿੱਤਾ ਗਿਆ ਹੈ। ਉਮੀਦ ਹੈ ਕਿ ਇਸ ਮੇਲੇ ਵਿਚ ਲੱਗਭੱਗ ਅੱਠ ਲੱਖ ਭਗਤ ਆਉਣਗੇ। ਮੇਲੇ ਵਿਚ ਸੁਰੱਖਿਆ ਦੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਮੇਲੇ ਵਿਚ ਥਾਂ-ਥਾਂ ਤੇ ਸੂਚਨਾ ਕੇਂਦਰ ਖੋਲ੍ਹੇ ਗਏ ਹਨ। ਪ੍ਰਦੇਸ਼ ਦੇ ਸਥਾਨਕ ਪ੍ਰ ਾਸਨ ਮੰਤਰੀ ਤੇ ਮਾਤਾ ਮਨਸਾ ਦੇਵੀ ਪੂਜਾ ਸਥੱਲ ਬੋਰਡ ਦੇ ਉਪ ਪ੍ਰਧਾਨ ਸੁਭਾਸ਼ ਗੋਇਲ ਨੇ ਮੇਲੇ ਦੀਆਂ ਤਿਆਰੀਆਂ ਦੇ ਸਬੰਧ ਵਿਚ ਦੱਸਿਆ ਕਿ ਮੇਲੇ ਦੇ ਦੌਰਾਨ ਕਿਸੇ ਵੀ ਘਟਨਾ ਤੋਂ ਨਿਪਟਣ ਲਈ ਕੜੀ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਹਨ। ਮੰਦਰ ਦੇ ਮੁੱਖ ਦਰਵਾਜ਼ੇ ਤੇ ਮੈਟਲ ਡਿਟੈਕਟਰ ਲਾਉਣ ਦੇ ਨਾਲ ਚਲਦੀਆਂ ਫਿਰਦੀਆਂ ਪੁਲਿਸ ਪਾਰਟੀਆਂ ਵੀ ਤੈਨਾਤ ਕੀਤੀਆਂ ਗਈਆਂ ਹਨ। ਮੇਲੇ ਦੇ ਦੌਰਾਨ ਵੱਡੀ ਨਫਰੀ ਵਿਚ ਸਾਦੀ ਵਰਦੀ ਵਿਚ ਵੀ ਪੁਲਿਸ ਦੇ ਜਵਾਨਾਂ ਨੂੰ ਤੈਨਾਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵਾਇਰਲੈਸ ਸੰਚਾਰ ਕੇਂਦਰ ਅਤੇ ਪੁਲਿਸ ਲਾਈਨ ਵੀ ਖੋਲ੍ਹੀ ਗਈ ਹੈ।

ਸ੍ਰੋਤ - ਅਮਰ ਉਜਾਲਾ

## ਹੋਲੀ ਨੂੰ ਪੁਲਿਸ ਨੇ ਕੜੇ ਸੁਰੱਖਿਆ ਪ੍ਰਬੰਧ ਕੀਤੇ

ਚੰਡੀਗੜ੍ਹ, 16 ਮਾਰਚ (ਅਮਰ ਉਜਾਲਾ ਬਿਓਰੋ) - ਇਸ ਵਾਰ ਸ਼ਹਿਰ ਵਾਸੀਆਂ ਨੂੰ ਪੁਲਿਸ ਦੇ ਕੜੇ ਪ੍ਰਬੰਧ ਹੇਠ ਹੋਲੀ ਖੇਡਣੀ ਪਵੇਗੀ। ਚੰਡੀਗੜ੍ਹ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਹੋਲੀ ਦੇ ਤਿਉਹਾਰ ਤੇ ਪਿਛਲੇ ਸਾਲ ਦੀ ਬਜਾਏ ਇਸ ਸਾਲ ਦੋ ਗੁਣਾ ਜ਼ਿਆਦਾ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਹਨ। ਕਾਨੂੰਨ ਅਤੇ ਟਰੈਫਿਕ ਵਿਵਸਥਾ ਨੂੰ ਬਣਾਏ ਰੱਖਣ ਤੋਂ ਇਲਾਵਾ ਛੇੜਖਾਨੀ ਅਤੇ ਆਤੰਕਵਾਦੀ ਤਾਕਤਾਂ ਦੇ ਇਰਾਦਿਆਂ ਨੂੰ ਅਸਫਲ ਕਰਨ ਲਈ ਮਹਿਕਮੇ ਨੇ ਚਾਰੇ ਪਾਸੇ ਸੁਰੱਖਿਆ ਦਾ ਪ੍ਰਬੰਧ ਕੀਤਾ ਹੈ। 20 ਮਾਰਚ ਨੂੰ ਹੋਲੀ ਦੇ ਦਿਨ ਸ਼ਹਿਰ ਭਰ ਵਿਚ ਕੁੱਲ 158 ਪੁਲਿਸ ਨਾਕੇ ਲਾਏ ਜਾਣਗੇ ਜਿਨ੍ਹਾਂ ਵਿਚ 750 ਪੁਲਿਸ ਕਰਮਚਾਰੀ, ਤਿੰਨ ਦਰਜਨ ਅਧਿਕਾਰੀਆਂ ਦੀ ਨਿਗਰਾਨੀ ਵਿਚ ਸਤਰਕ ਰਹਿਣਗੇ। ਇਨ੍ਹਾਂ ਵਿਚ 8 ਡੀ.ਐਸ.ਪੀ., 28 ਇੰਨਸਪੈਕਟਰ, 106 ਥਾਣੇਦਾਰ, 427 ਮਹਿਲਾ ਅਤੇ ਪੁਰਸ਼ ਕਾਂਸਟੇਬਲ, 186 ਹੋਮਗਾਰਡ ਅਤੇ ਅਰਧਸੈਨਿਕ ਬਲਾਂ ਦੇ 55 ਜਵਾਨ ਸ਼ਾਮਲ ਹਨ।

ਪੁਲਿਸ ਅਧਿਅਕਸ਼ ਬਲਦੇਵ ਸਿੰਘ ਨੇ ਦੱਸਿਆ ਕਿ ਹੋਲੀ ਦੇ ਤਿਉਹਾਰ ਨੂੰ ਕਿਸੇ ਵੀ ਤਰ੍ਹਾਂ ਦੀ ਘਟਨਾ ਤੋਂ ਨਿਪਟਣ ਲਈ ਚਾਰ ਤਰ੍ਹਾਂ ਦੇ ਸੁਰੱਖਿਆ ਇੰਤ ਾਮ ਕੀਤੇ ਜਾਣਗੇ। ਕਾਨੂੰਨ ਵਿਵਸਥਾ, ਛੇੜਖਾਨੀ, ਟਰੈਫਿਕ ਅਤੇ ਆਤੰ ਕਵਾਦੀ ਕਾਰਵਾਈ ਦੀ ਆਸ਼ੰਕਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਸ਼ਹਿਰ ਦੀ ਹੱਦ ਤੇ ਅਤੇ ਅੰਦਰਲੇ ਇਲਾਕਿਆਂ (ਸੈਕਟਰਾਂ) ਵਿਚ ਪੂਰੀ ਨਾਕਾਬੰਦੀ ਕਰ ਦਿੱਤੀ ਜਾਵੇਗੀ। ਬਜ਼ਾਰਾਂ, ਕਲੋਨੀਆਂ ਅਤੇ ਮਹਿਲਾ ਹੋਸਟਲਾਂ ਲਈ ਪੁਲਿਸ ਦੇ ਵਿਸ਼ੇਸ਼ ਦਸਤੇ ਤਾਇਨਾਤ ਕੀਤੇ ਜਾਣਗੇ। ਆਤੰਕਵਾਦੀ ਕਾਰਵਾਈ ਨਾਲ ਨਿਪਟਣ ਲਈ 28 ਨਾਕੇ ਲਗਾਏ ਜਾਣਗੇ ਜਿਨ੍ਹਾਂ ਵਿਚੋਂ ਸੱਤ ਜਗ੍ਹਾ ਤੇ ਕਮਾਂਡੋ ਪੁਲਿਸ ਤਾਇਨਾਤ ਹੋਵੇਗੀ। ਇਨ੍ਹਾਂ ਨਾਕਿਆਂ ਤੇ ਦਿਨ ਭਰ ਗੱਡੀਆਂ ਦੀ ਜਾਂਚ ਕੀਤੀ ਜਾਵੇਗੀ। ਜਾਂਚ ਕੀਤੇ ਜਾਣ ਵਾਲੇ ਵਾਹਨਾਂ ਦੀ ਸੂਚਨਾ ਪੁਲਿਸ ਕੰਟਰੋਲ ਰੂਮ ਵਿਚ ਸਮੇਂ ਸਮੇਂ ਤੇ ਬਦਲ ਕੇ ਦਿੱਤੀ ਜਾਵੇਗੀ।

ਛੇੜਖਾਨੀ ਅਤੇ ਰੌਲੇ ਰੱਪੇ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਸ਼ਹਿਰ ਦੇ ਤਮਾਮ ਮਹਿਲਾ ਹੋਸਟਲਾਂ ਲਈ ਅਲੱਗ ਤੌਰ ਤੇ ਸੁਰੱਖਿਆ ਬੰਦੋਬਸਤ ਕੀਤੇ ਗਏ ਹਨ। ਹੋਲੀ ਵਾਲੇ ਦਿਨ ਸਾਰੇ ਪੁਲਿਸ ਕਰਮਚਾਰੀ ਸਵੇਰੇ ਅੱਠ ਵਜੇ ਆਪਣੀ ਡਿਊਟੀ ਤੇ ਤਾਇਨਾਤ ਹੋ ਜਾਣਗੇ ਅਤੇ ਾਮ ਨੂੰ ਚਾਰ ਵਜੇ ਤੱਕ ਚੌਕਸੀ ਰਹੇਗੀ।

ਸ੍ਰੋਤ - ਅਮਰ ਉਜਾਲਾ

## ❑ ਅਪਰਾਧਾਂ ਨਾਲਸਬੰਧਿਤ ਸ਼ਿਕਾਇਤਾਂ ਦਰਜ ਕਰਨਾ

ਸੁਣਵਾਈ ਯੋਗ (ਕਾਨੂੰਨ ਗੋਚਰ) ਜੁਰਮ ਉਹ ਜੁਰਮ ਹਨ ਜਿਨ੍ਹਾਂ ਤਹਿਤ ਪੁਲਿਸ ਅਫ਼ਸਰ ਨੂੰ ਗ੍ਰਿਫਤਾਰੀ ਸਮੇਂ ਵਾਰੰਟ (ਗ੍ਰਿਫਤਾਰੀ ਤੋਂ ਪਹਿਲਾਂ ਜੱਜ ਦੀ ਆਗਿਆ) ਦੀ ਜ਼ਰੂਰਤ ਨਹੀਂ ਪੈਂਦੀ। ਇਹ ਜੁਰਮ ਹਨ - ਕਤਲ ਜਾਂ ਕਤਲ ਕਰਨ ਦੀ ਕੋਸ਼ਿਸ਼, ਬਲਾਤਕਾਰ, ਅਗਵਾ, ਡਕੈਤੀ ਜਾਂ ਡਕੈਤੀ ਦੀ ਯੋਜਨਾ ਕਰਨਾ, ਲੁੱਟਮਾਰ, ਧੋਖਾਧੜੀ, ਚੋਰੀ, ਦੰਗੇ ਆਦਿ। ਤੁਸੀਂ ਇਨ੍ਹਾਂ ਜੁਰਮਾਂ ਦੇ ਖਿਲਾਫ ਐਫ.ਆਈ.ਆਰ. ਲਿਖਵਾ ਸਕਦੇ ਹੋ।

| ਪੰਜਾਬ ਵਿਚ ਸਾਲ 1998 ਦੌਰਾਨ ਦਰਜ ਅਪਰਾਧ | |
|---|---|
| ਕਤਲ | 756 |
| ਅਗਵਾ ਕਰਨ ਅਤੇ ਉਧਾਲਣ | 354 |
| ਡਾਕੇ | 15 |
| ਲੁੱਟਮਾਰ | 61 |
| ਛੇੜਖਾਨੀ | 1●8 |
| ਜਬਰਦਸਤੀ | 1● |
| ਬਲਾਤਕਾਰ | 186 |
| ਦਾਜ ਦੇ ਕੇਸ | 384 |
| ਦਾਜ ਕਾਰਨ ਕਤਲ | 212 |

ਸ੍ਰੋਤ: ਸਟੈਟਿਸਟੀਕਲ ਐਬਸਟਰੈਕਟ, 1999 ਅਤੇ ਪੰਜਾਬ ਪੁਲਿਸ।

## ਪੁਲਿਸ ਸਟੇਸ਼ਨ ਦਾ ਕੰਟਰੋਲ

- ਮੁੱਖ ਥਾਣਾ ਅਫ਼ਸਰ ਇੰਨਚਾਰਜ ਹੁੰਦਾ ਹੈ। ਉਹ ਆਮ ਤੌਰ ਤੇ

ਇੰਨਸਪੈਕਟਰ ਜਾਂ ਸਬ ਇੰਨਸਪੈਕਟਰ ਹੁੰਦਾ ਹੈ।

- ਪੁਲਿਸ ਸਟੇਸ਼ਨਦਾ ਮੁਨਸ਼ੀ ਮੁੱਖ ਕਾਂਸਟੇਬਲ ਜਾਂ ਸਬ ਸਹਾਇਕ ਇੰਨਸਪੈਕਟਰ ਹੁੰਦਾ ਹੈ।

## ❑ ਮੁੱਖ ਥਾਣਾ ਅਫ਼ਸਰ (ਐਸ.ਐਚ.ਓ.) ਦੇ ਫਰਜ਼

### ਸਾਧਾਰਣ ਫਰਜ਼

- ਕਾਨੂੰਨ ਵਿਵਸਥਾ ਬਣਾਏ ਰੱਖਣਾ ਅਤੇ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਕਰਨਾ ਉਸਦਾ ਫਰਜ਼ ਹੈ।
- ਲੋਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨਾ।
- ਆਪਣੇ ਅਧਿਕਾਰ ਖੇਤਰ ਵਿਚ ਆਉਣ ਵਾਲੇ ਭੀੜ-ਭਾੜ ਵਾਲੇ ਇਲਾਕਿਆਂ ਵਿਚ ਟਰੈਫਿਕ ਕੰਟਰੋਲ ਕਰਨਾ।
- ਲੋਕਾਂ ਦੀ ਕੁਦਰਤੀ ਮੁਸ਼ਕਿਲਾਂ (ਜਿਵੇਂ ਤੂਫਾਨ, ਹੜ੍ਹ, ਭੁਚਾਲ, ਆਦਿ) ਨਾਲ ਨਿਪਟਣ ਵਿਚ ਮਦਦ ਕਰਨਾ ਅਤੇ ਉਨ੍ਹਾਂ ਦੀ ਸੰਪਤੀ ਦੀ ਰੱਖਿਆ ਕਰਨਾ।
- ਸ਼ੱਕੀ ਚਰਿੱਤਰ ਵਾਲੇ ਵਿਅਕਤੀਆਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣਾ।

### ਪ੍ਰਸ਼ਾਸਨਿਕ ਫਰਜ਼

- ਮੁੱਖ ਥਾਣਾ ਅਫ਼ਸਰ ਹੀ ਮੁੱਖ ਜਾਂਚ ਅਧਿਕਾਰੀ ਹੈ ਅਤੇ ਜਾਂਚ

ਪੜਤਾਲ ਦਾ ਸੰਚਾਲਣ ਅਤੇ ਨਿਰਦੇਸ਼ਨ ਉਸੇ ਦੀ ਜ਼ਿਮੇਂਵਾਰੀ ਹੈ।

- ਉਹ ਪੁਲਿਸ ਦੇ ਚੰਗੇ ਕੰਮਕਾਜ, ਪ੍ਰਬੰਧ, ਵਿਵਹਾਰ ਅਤੇ ਅਨੁਸ਼ਾਸਣ ਲਈ ਜਵਾਬਦੇਹ ਹੈ ਤਾਂ ਕਿ ਅਪਰਾਧ ਹੋਣ ਤੋਂ ਰੋਕਿਆ ਜਾ ਸਕੇ, ਅਪਰਾਧੀਆਂ ਦੀ ਖੋਜ ਹੋਵੇ ਅਤੇ ਸ਼ਾਂਤੀ ਬਣੀ ਰਹੇ।
- ਰਿਕਾਰਡ ਦਾ ਸਹੀ ਪੰਜੀਕਰਣ (ਰਜਿਸਟਰੇਸ਼ਨ) ਯਕੀਨੀ ਬਣਾਉਣਾ ਉਸਦਾ ਫਰ ਹੈ।
- ਆਪਣੇ ਅਧੀਨ ਕਰਮਚਾਰੀਆਂ ਨੂੰ ਨਿਰਦੇ ਦੇਣਾ।
- ਅਪਰਾਧੀਆਂ ਨੂੰ ਗਿਰਫਤਾਰ ਕਰਨਾ, ਅਦਾਲਤ ਵਿਚ ਪੇਸ਼ ਕਰਨਾ ਅਤੇ ਚਲਾਨ ਕੱਟਣਾ ਆਦਿ।

### ਪੁਲਿਸ ਮੁਲਾਜ਼ਮਾਂ ਦੇ ਵਤੀਰੇ ਚ ਤਬਦੀਲੀ ਲਈ ਨਵੀਂ ਸਕੀਮ

ਪਟਿਆਲਾ, 7 ਜਨਵਰੀ (ਸ.ਰ., ਪ.ਪ.) – ਜ਼ਿਲ੍ਹਾ ਪੁਲਿਸ ਨੇ ਪੁਲਿਸ ਕਰਮਚਾਰੀਆਂ ਦੇ ਵਤੀਰੇ ਵਿਚ ਆਮ ਲੋਕਾਂ ਨਾਲ ਤਾਲਮੇਲ ਕਰਨ ਸਮੇਂ ਚੰਗਾ ਵਿਵਹਾਰ ਕਰਨ ਲਈ ਤਬਦੀਲੀ ਲਿਆਉਣ ਵਾਸਤੇ ਸ਼੍ਰੀਮਾਨ ਜੀ ਨਾਂਅ ਦੀ ਸਕੀਮ ਸ਼ੁਰੂ ਕੀਤੀ ਹੈ। ਸ਼੍ਰੀ ਹਰਪ੍ਰੀਤ ਸਿੰਘ ਸਿੱਧੂ, ਐਸ.ਐਸ.ਪੀ. ਨੇ ਅੱਜ ਇਕ ਕਾਨਫਰੰਸ ਵਿਚ ਇਸ ਸਕੀਮ ਦਾ ਬਿਓਰਾ ਦਿੰਦਿਆਂ ਦੱਸਿਆ ਕਿ ਦੇਸ਼ ਵਿਚ ਇਹ ਪਹਿਲਾ ਜ਼ਿਲ੍ਹਾ ਹੈ, ਜਿਸ ਨੇ ਆਪਣੇ ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਨੂੰ ਕਿਹਾ ਕਿ ਉਹ ਕਿਸੇ ਵੀ ਵਿਅਕਤੀ ਨਾਲ ਗੱਲਬਾਤ ਕਰਨ ਸਮੇਂ ਸਭ ਤੋਂ ਪਹਿਲਾਂ ਸ਼੍ਰੀਮਾਨ ਜੀ/ ਮੈਡਮ/ਭੈਣ/ਮਾਤਾ ਜੀ ਕਹਿ ਕੇ ਸੱਦਣ। ਉਨ੍ਹਾਂ ਅੱਗੇ ਦੱਸਿਆ ਕਿ ਪਟਿਆਲਾ ਦੇਸ਼ ਦਾ ਪਹਿਲਾ ਜ਼ਿਲ੍ਹਾ ਹੈ, ਜਿਸ ਨੇ ਕਰਮਚਾਰੀਆਂ ਦੇ ਵਿਵਹਾਰ ਵਿਚ ਤਬਦੀਲੀ ਲਿਆਉਣ ਲਈ ਨਿਮਰਤਾ ਨਾਲ ਬੋਲਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਉਨ੍ਹਾਂ ਅੱਗੋਂ ਕਿਹਾ ਕਿ ਇਹ ਸਕੀਮ ਪਹਿਲੀ ਦਸੰਬਰ ਤੋਂ ਸ਼ੁਰੂ ਕੀਤੀ ਗਈ ਸੀ ਜਿਸ ਦੇ ਨਤੀਜੇ ਬਹੁਤ ਸਾਰਥਿਕ ਨਿਕਲੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਕੀਮ ਦੇ ਸ਼ੁਰੂ ਕਰਨ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਹੈ ਕਿ ਪੁਲਿਸ ਕਰਮਚਾਰੀਆਂ ਦੇ ਇਕ ਦੂਜੇ ਨਾਲ ਵਰਤਾਓ ਵਿਚ ਬੜੀ ਵੱਡੀ ਤਬਦੀਲੀ ਆਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਕਰਮਚਾਰੀਆਂ/ਅਧਿਕਾਰੀਆਂ ਦੇ ਵਰਤਾਓ ਵਿਚ ਅਜਿਹੀ ਤਬਦੀਲੀ ਲਿਆਉਣ ਦੀ ਬਹੁਤ ਜ਼ਿਆਦਾ ਲੋੜ ਸੀ।

ਸ੍ਰੋਤ – ਅਜੀਤ

- ਆਪਣੇ ਅਧੀਨ ਕਰਮਚਾਰੀਆਂ ਨੂੰ ਸਰਕਾਰ ਜਾਂ ਅਦਾਲਤ ਵਲੋਂ ਜਾਰੀ ਅਪਰਾਧ ਅਤੇ ਜਾਂਚ ਸਬੰਧੀ ਨਵੇਂ ਨਿਰਦੇਸ਼ਾਂ ਤੋਂ ਜਾਣੂ ਕਰਵਾਉਣਾ।
- ਆਪਣੇ ਅਧੀਨ ਕਰਮਚਾਰੀਆਂ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖਣਾ।
- ਅਦਾਲਤ ਵਲੋਂ ਜਾਰੀ ਸੰਮਨ ਅਤੇ ਵਾਰੰਟਾਂ ਦੀ ਪਾਲਣਾ ਕਰਨਾ।

**ਪ੍ਰਵਾਸੀ ਮਜ਼ਦੂਰਾਂ ਬਾਰੇ ਜਾਣਕਾਰੀ ਦੇਣ ਦੇ ਹੁਕਮ**

ਪਟਿਆਲਾ, 7 ਜੁਲਾਈ (ਸ.ਰ.) – ਡਿਪਟੀ ਕਮਿ ਨਰ ਪਟਿਆਲਾ ਸ. ਜਸਬੀਰ ਸਿੰਘ ਬੀਰ ਨੇ ਲੁੱਟ ਖੋਹਾਂ ਦੀਆਂ ਵਧ ਰਹੀਆਂ ਵਾਰਦਾਤਾਂ, ਜਿਨ੍ਹਾਂ ਵਿਚ ਪ੍ਰਵਾਸੀ ਮਜ਼ਦੂਰ ਵੀ ਸ਼ਾਮਲ ਦੱਸੇ ਜਾਂਦੇ ਹਨ, ਨੂੰ ਧਿਆਨ ਵਿਚ ਰਖਦਿਆਂ ਜ਼ਿਲ੍ਹੇ ਭਰ ਵਿਚ ਅਧੀਨ 144 ਦੇ ਹੁਕਮ ਜਾਰੀ ਕੀਤੇ ਹਨ ਕਿ ਘਰਾਂ ਅਤੇ ਖੇਤਾਂ ਵਿਚ ਕੰਮ ਲਈ ਲਏ ਜਾਣ ਵਾਲੇ ਅਤੇ ਲਾਏ ਗਏ ਪ੍ਰਵਾਸੀ ਮਜ਼ਦੂਰਾਂ ਦੇ ਨਾਂਅ ਅਤੇ ਥਾਂ ਬਾਰੇ ਜਾਣਕਾਰੀ ਸਮੇਤ ਉਨ੍ਹਾਂ ਦੀ ਤਸਵੀਰ ਸਬੰਧਿਤ ਥਾਣੇ ਵਿਚ ਦਿੱਤੀ ਜਾਵੇ।

ਸ੍ਰੋਤ – ਅਜੀਤ

**ਜਾਅਲੀ ਵੀਡੀਓ ਕੈਸੇਟਾਂ ਵੇਚਣ ਵਾਲਾ ਪੁਲਿਸ ਸ਼ਿਕੰਜੇ 'ਚ**

ਪਟਿਆਲਾ, 9 ਜੁਲਾਈ (ਨ.ਪ.ਪ.) – ਪਟਿਆਲਾ ਪੁਲਿਸ ਨੇ ਜਾਅਲੀ ਵੀਡੀਓ ਕੈਸੇਟਾਂ ਬਣਾਉਣ ਵਾਲੇ ਨੂੰ ਗਿਫਤਾਰ ਕੀਤਾ ਹੈ। ਪੁਲਿਸ ਥਾਣਾ ਕੋਤਵਾਲੀ ਅਧੀਨ ਡਿਵੀਜ਼ਨ ਨੰ:2 ਵਿਚ ਇਕ ਸੰਜੀਵ ਕੁਮਾਰ ਨੂੰ ਨਕਲੀ ਕੈਸੇਟਾਂ ਬਣਾਉਣ ਦੇ ਜੁਰਮ ਵਿਚ ਗ੍ਰਿਫਤਾਰ ਕਰਕੇ ਉਸ ਕੋਲੋਂ ਭਾਰੀ ਮਾਤਰਾ ਵਿਚ ਨਕਲੀ ਵੀਡੀਓ ਕੈਸੇਟਾਂ ਬਰਾਮਦ ਕੀਤੀਆਂ ਹਨ। ਪੁਲਿਸ ਨੇ ਧਾਰਾ 42● ਆਈ.ਪੀ.ਸੀ. ਦੇ ਕਾਪੀ ਰਾਈਟ ਦੇ ਐਕਟ 1957 ਅਧੀਨ ਕੇਸ ਦਰਜ ਕਰਕੇ ਉਸਨੂੰ ਅੱਜ ਅਦਾਲਤ ਵਿਚ ਪੇਸ਼ ਕੀਤਾ ਜਿਸ ਦਾ ਕਲ੍ਹ ਤੱਕ ਪੁਲਿਸ ਰਿਮਾਂਡ ਦੇ ਦਿੱਤਾ ਹੈ। ਇਸ ਪੁਲਿਸ ਥਾਣੇ ਅਧੀਨ ਨਕਲੀ ਦਵਾਈਆਂ ਬਣਾ ਕੇ ਵੇਚਣ ਦੇ ਜੁਰਮ ਵਿਚ ਗ੍ਰਿਫਤਾਰ ਕੀਤੇ ਦਵਿੰਦਰ ਸਿੰਘ ਨੂੰ ਅੱਜ ਮਾਨਯੋਗ ਸੀ.ਕੇ.ਐਮ. ਸ਼੍ਰੀ ਐਸ.ਕੇ.ਅਗਵਾਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ।

ਸ੍ਰੋਤ – ਅਜੀਤ

**ਲੋਕਾਂ ਨਾਲ ਤਾਲਮੇਲ ਕਰਨਾ**

- ਲੋਕਾਂ ਵਿਚ ਵਿਸ਼ਵਾਸ ਕਾਇਮ ਕਰਨਾ।
- ਜ਼ਿਲ੍ਹੇਦਾਰ, ਨੰਬਰਦਾਰ ਅਤੇ ਸਰਪੰਚ ਆਦਿ ਨਾਲ ਤਾਲਮੇਲ ਬਣਾਉਣਾ।
- ਚੌਕੀਦਾਰਾਂ ਨਾਲ ਸੰਪਰਕ ਸਥਾਪਿਤ ਕਰਨਾ।

## ❑ ਮੁੱਖ ਮੁਨਸ਼ੀ ਦੇ ਫਰਜ਼

- ਪੁਲਿਸ ਸਟੇਸ਼ਨ ਵਿਚ ਲਿਖਾ ਪੜ੍ਹਤ ਅਤੇ ਰਿਕਾਰਡ ਦਾ ਰੱਖ ਰਖਾਵ ਮੁੱਖ ਮੁਨਸ਼ੀ ਦੁਆਰਾ ਕੀਤਾ ਜਾਂਦਾ ਹੈ।
- ਉਪਰੋਕਤ ਕੰਮਾਂ ਵਿਚ ਉਸਦੀ ਮਦਦ ਸਹਾਇਕ ਮੁਨਸ਼ੀ ਵੀ ਕਰਦਾ ਹੈ।
- ਉਹ ਰਿਪੋਰਟ ਲਿਖਦਾ ਹੈ।
- ਉਹ ਰੋਜ਼ਾਨਾ ਸਟੇਸ਼ਨ ਡਾਇਰੀ ਲਿਖਦਾ ਹੈ ਅਤੇ ਹੋਰ ਰਜਿਸਟਰਾਂ ਦਾ ਰੱਖ ਰਖਾਵ ਕਰਦਾ ਹੈ।

## ❑ ਡਿਊਟੀ ਅਫ਼ਸਰ ਦੇ ਫਰਜ਼

- ਇਕ ਸਹਾਇਕ ਸਬ ਇੰਨਸਪੈਕਟਰ ਦਰਜ ਹੋਏ ਅਪਰਾਧਾਂ ਦੀ ਜਾਂਚ ਪੜਤਾਲ ਲਈ ਮੁੱਖ ਥਾਣਾ ਅਫ਼ਸਰ ਦੇ ਨਾਲ ਹਰ ਸਮੇਂ ਥਾਣੇ ਵਿਚ ਨਿਯੁਕਤ ਹੁੰਦਾ ਹੈ।

# ਐਫ.ਆਈ.ਆਰ. ਕੀ ਹੈ?

ਸਾਰੇ ਸੁਣਵਾਈ ਯੋਗ (ਕਾਨੂੰਨ ਗੋਚਰ) ਮੁਕੱਦਮੇ ਐਫ.ਆਈ.ਆਰ. ਵਿਚ ਦਰਜ ਕੀਤੇ ਜਾਂਦੇ ਹਨ। ਇਹ ਜੁਰਮ ਹਨ ਕਤਲ (3●2) ਜਾਂ ਕਤਲ ਕਰਨ ਦੀ ਕੋਸ਼ਿਸ਼ ਕਰਨਾ (3●7), ਬਲਾਤਕਾਰ (376) ਜਾਂ ਬਲਾਤਕਾਰ ਦੀ ਕੋਸ਼ਿਸ਼ (511), ਅਗਵਾ (363), ਚੋਰੀ (379), ਦੰਗੇ (147), ਡਕੈਤੀ (392) ਜਾਂ ਡਕੈਤੀ ਦੀ ਸਕੀਮ, ਲੁੱਟਮਾਰ (382), ਧੋਖਾਧੜੀ (42●), ਆਦਿ। ਇਨ੍ਹਾਂ ਜੁਰਮਾਂ ਨਾਲ ਸਬੰਧਿਤ ਸਾਰੀ ਜਾਣਕਾਰੀ ਮੁੱਖ ਅਫ਼ਸਰ ਦੁਆਰਾ ਲਿਖਤੀ ਰੂਪ ਵਿਚ ਪੁਲਿਸ ਸਟੇਸ਼ਨ ਵਿਚ ਦਰਜ ਕੀਤੀ ਜਾਂਦੀ ਹੈ। ਐਫ.ਆਈ.ਆਰ. ਦਰਜ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਜ਼ਰੂਰੀ ਹੈ:-

- ਐਫ.ਆਈ.ਆਰ. ਕੌਣ ਦਰਜ ਕਰ ਰਿਹਾ ਹੈ?
- ਕਿਹੜੇ ਹਾਲਾਤਾਂ ਵਿਚ ਜਾਣਕਾਰੀ ਦਿੱਤੀ ਜਾ ਰਹੀ ਹੈ?
- ਜਿਹੜਾ ਵਿਅਕਤੀ ਜਾਣਕਾਰੀ ਦੇ ਰਿਹਾ ਹੈ, ਕੀ ਉਸਨੇ ਅਪਰਾਧ ਹੁੰਦਾ ਵੇਖਿਆ ਹੈ?
- ਜਿਹੜਾ ਵਿਅਕਤੀ ਐਫ.ਆਈ.ਆਰ. ਦਰਜ ਕਰਵਾ ਰਿਹਾ ਹੈ, ਉਸ ਨੂੰ ਇਹ ਅਧਿਕਾਰ ਹੈ ਕਿ ਉਹ ਐਫ.ਆਈ.ਆਰ. ਦੀ ਵਾਪਸੀ ਰਸੀਦ ਅਤੇ ਨਕਲ ਲਵੇ।

| ਬਲਾਤਕਾਰ ਦੇ ਕੇਸ |
|---|
| **ਐਫ.ਆਈ.ਆਰ.ਨੰ:59/91 ਮਿਤੀ 14-3-91 ਸੈਕਸ਼ਨ 376/366/120ਬੀ - ਆਈ.ਪੀ.ਸੀ. - ਥਾਣਾ ਬਿਆਸ।**<br>ਇਹ ਮੁਕੱਦਮਾ ਸ਼ਾਂਤੀ ਦੇਵੀ ਪਤਨੀ ਚਾਂਦ ਸਿੰਘ ਵਾਸੀ ਮਲੋਹ ਰੋਡ ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਪਟਿਆਲਾ ਦੀ ਦਰਖਾਸਤ ਤੇ ਦਰਜ ਹੋਇਆ ਕਿ ਦੋਸ਼ੀਆਨ ਰਾਮ ਕੁਮਾਰੀ ਪਤਨੀ ਰਵੀ ਕਾਂਤ ਸ਼ਰਮਾਂ ਵਸਨੀਕ ਡੀ.ਨੰ:70, ਸ਼ੂਗਰ ਮਿਲ ਭੋਗਪੁਰ ਸਮੇਤ ਚਾਰ ਹੋਰ ਦੋਸ਼ੀਆਂ, ਉਸ ਦੀਆਂ ਲੜਕੀਆਂ ਸੰਦੀਪ ਕੌਰ ਤੇ ਸ਼ਰਨਜੀਤ ਕੌਰ ਨੂੰ ਦੋਸ਼ੀ ਸੇਵਾ ਦੇ ਬਹਾਨੇ ਡੇਰੇ ਬਿਆਸ ਲਿਆਏ ਅਤੇ ਇੱਥੇ ਨਾ ਮਾਲੂਮ ਦੋਸ਼ੀਆਂ ਪਾਸੋਂ ਜਿਨਾਂਹ ਕਰਵਾਉਂਦੇ ਰਹੇ।<br>**ਐਫ.ਆਈ.ਆਰ.ਨੰ:37/91 ਮਿਤੀ 22-3-91 ਸੈਕਸ਼ਨ 376/366-ਆਈ.ਪੀ.ਸੀ. - ਥਾਣਾ ਰਾਮਦਾਸ।**<br>ਇਹ ਮੁਕੱਦਮਾ ਹਰਬੰਸ ਸਿੰਘ ਪੁੱਤਰ ਹਰਨਾਮ ਸਿੰਘ ਰੋਗਰ ਵਾਸੀ ਉਰਦਨ ਦੇ ਬਿਆਨ ਤੇ ਦਰਜ ਹੋਇਆ। ਦੋਸ਼ੀ ਹੀਰਾ ਸਿੰਘ ਪੁੱਤਰ ਕਰਨੈਲ ਸਿੰਘ ਜੱਟ ਵਾਸੀ ਕਾਮਲਪੁਰ ਉਸ ਦੇ ਘਰ ਆਏ ਅਤੇ ਡਰਾ ਧਮਕਾ ਕੇ ਉਸਦੀ ਲੜਕੀ ਜਤਿੰਦਰ ਕੌਰ ਨੂੰ ਅਗਵਾ ਕਰਕੇ ਲੈ ਗਏ ਅਤੇ ਜਬਰ-ਜਿਨਾਹ ਕਰਦੇ ਰਹੇ। |

## ਡੀ.ਡੀ.ਆਰ. ਕੀ ਹੈ?

ਨਾ ਸੁਣਵਾਈ ਯੋਗ (ਨਾ ਕਾਨੂੰਨ ਗੋਚਰ) ਜੁਰਮ: ਉਹ ਜੁਰਮ ਜਿਨ੍ਹਾਂ ਦਾ ਸਬੰਧ ਕਿਸੇ ਦੀ ਨਿਜੀ ਜ਼ਿੰਦਗੀ ਨਾਲ ਹੋਵੇ ਅਤੇ ਆਮ ਲੋਕਾਂ ਦਾ ਉਸ ਨਾਲ ਕੋਈ ਵਾਹ ਨਾ

ਹੋਵੇ, ਜਿਵੇਂ ਕਿ ਮਾਨ ਹਾਨੀ, ਨੌਕਰੀ ਤੋਂ ਕੱਢ ਦੇਣਾ, ਮਕਾਨ ਮਾਲਿਕ ਅਤੇ ਕਿਰਾਏਦਾਰ ਦਾ ਝਗੜਾ, ਘਰੋਂ ਭੱਜ ਜਾਣਾ ਆਦਿ ਨਾ ਸੁਣਵਾਈ ਯੋਗ ਜੁਰਮ ਹਨ। ਇਨ੍ਹਾਂ ਵਿਚ ਪੁਲਿਸ ਅਦਾਲਤ ਦੀ ਆਗਿਆ ਨਾਲ ਹੀ ਦਖਲ ਦੇ ਸਕਦੀ ਹੈ। ਇਨ੍ਹਾਂ ਨੂੰ ਸਟੇਸ਼ਨ ਡਾਇਰੀ ਵਿਚ ਲਿਖਿਆ ਜਾਂਦਾ ਹੈ ਅਤੇ ਇਸ ਦੀ ਨਕਲ ਹਸਤਾਖਰ ਅਤੇ ਮੋਹਰ ਲਗਾ ਕੇ ਰਿਪੋਰਟ ਲਿਖਵਾਉਣ ਵਾਲੇ ਨੂੰ ਦਿੱਤੀ ਜਾਂਦੀ ਹੈ। ਇਹ ਸਾਰੀ ਜਾਣਕਾਰੀ ਸੈਕਸ਼ਨ 155 ਹੇਠ ਮੈਜਿਸਟਰੇਟ ਨੂੰ ਭੇਜੀ ਜਾਂਦੀ ਹੈ।

## ਐਫ.ਆਈ.ਆਰ. ਅਤੇ ਡੀ.ਡੀ.ਆਰ. ਵਿਚ ਫਰਕ

ਐਫ.ਆਈ.ਆਰ. ਸੁਣਵਾਈ ਯੋਗ ਮੁਕੱਦਮਿਆਂ ਬਾਰੇ ਜਾਣਕਾਰੀ ਹੈ ਜਦ ਕਿ ਡੀ.ਡੀ.ਆਰ. ਉਨ੍ਹਾਂ ਮੁਕੱਦਮਿਆਂ ਬਾਰੇ ਜਾਣਕਾਰੀ ਹੈ, ਜਿਹੜੇ ਪਹਿਲੀ ਨਜ਼ਰ ਵਿਚ ਸੁਣਵਾਈ ਯੋਗ ਨਾ ਹੋਣ ਅਤੇ ਸਿਰਫ ਮੈਜਿਸਟਰੇਟ ਦੇ ਹੁਕਮ ਨਾਲ ਹੀ ਇਨ੍ਹਾਂ ਨੂੰ ਐਫ.ਆਈ.ਆਰ. ਵਿਚ ਦਰਜ ਕੀਤਾ ਜਾ ਸਕਦਾ ਹੋਵੇ।

# ਪੁਲਿਸ ਅਤੇ ਨਾਗਰਿਕ ਅਧਿਕਾਰ*

## ਕਦੋਂ ਤੁਹਾਨੂੰ ਗਿਰਫਤਾਰ ਕੀਤਾ ਜਾ ਸਕਦਾ ਹੈ?

- ਜੇ ਤੁਸੀਂ ਕਿਸੇ ਕਾਨੂੰਨ ਗੋਚਰ ਜੁਰਮ ਵਿਚ ਸ਼ਾਮਲ ਹੋ, ਜਿਵੇਂ ਕਿ ਕਤਲ, ਬਲਾਤਕਾਰ, ਡਕੈਤੀ, ਚੋਰੀ ਵਗੈਰਾ ਜਾਂ ਅਜਿਹੀ ਜਾਇਜ਼ ਸ਼ਿਕਾਇਤ ਜਾਂ ੱਕ ਹੋਵੇ ਕਿ ਤੁਸੀਂ ਕੋਈ ਕਾਨੂੰਨ ਗੋਚਰ ਜੁਰਮ ਕੀਤਾ ਹੈ।

| ਨਾਜਾਇ ਪਿਸਤੌਲ ਰੱਖਣ ਤੇ ਇਕ ਗਿਰਫਤਾਰ |
|---|
| ਸਮਾਲੱਖਾ – ਨਾਜਾਇਜ਼ ਤੌਰ ਤੇ ਹਥਿਆਰ ਰੱਖਣ ਦੇ ਮਾਮਲੇ ਵਿਚ ਥਾਣਾ ਪੁਲਿਸ ਨੇ ਇਕ ਆਦਮੀ ਨੂੰ ਗਿਰਫਤਾਰ ਕਰਨ ਦਾ ਦਾਅਵਾ ਕੀਤਾ ਹੈ। ਜ਼ਿਲ੍ਹਾ ਪੁਲਿਸ ਪ੍ਰਵਕਤਾ ਹਨੀਫ ਕੁਰੈਸ਼ੀ ਨੇ ਦੱਸਿਆ ਕਿ ਗਸ਼ਤ ਕਰ ਰਹੀ ਪੁਲਿਸ ਨੇ ਓਮਪਾਲ ਪੁੱਤਰ ਰੋਸ਼ਨ ਲਾਲ ਨਿਵਾਸੀ ਨਰਾਇਨਾ ਦੇ ਕੋਲੋਂ 315 ਬੋਰ ਦਾ ਇਕ ਦੇਸੀ ਪਿਸਤੌਲ ਬਰਾਮਦ ਕੀਤਾ ਹੈ। ਪੁਲਿਸ ਨੇ ਪਿਸਤੌਲ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਓਮਪਾਲ ਨੂੰ ਸ਼ਸਤਰ ਅਧਿਨਿਯਮ ਦੀ ਧਾਰਾ 25, 54, 59 ਦੇ ਅਧੀਨ ਗਿਰਫਤਾਰ ਕੀਤਾ ਹੈ। |
| ਸ੍ਰੋਤ – ਪੰਜਾਬ ਕੇਸਰੀ (ਅੰਬਾਲਾ) |

- ਜੇਕਰ ਤੁਸੀਂ ਰਾਤ ਬਰਾਤੇ ਕੋਈ ਸੇਂਧ ਮਾਰਨ ਵਾਲਾ ਸੰਦ ਜਿਵੇਂ ਕਿ ਰਾਡ, ਹਥੌੜਾ ਵਗੈਰਾ ਲਈ ਫਿਰਦੇ ਹੋ ਅਤੇ ਤੁਹਾਡੇ ਹਾਲਾਤ ਸ਼ੱਕੀ ਹਨ, ਤਾਂ ਤੁਹਾਨੂੰ ਗਿਰਫਤਾਰ ਕੀਤਾ ਜਾ ਸਕਦਾ ਹੈ।

* ਵਿਕਾਸ ਅਤੇ ਸੰਚਾਰ ਸੰਸਥਾ ਪਾਠ ਸਮੱਗਰੀ ਵਾਸਤੇ ਸਹਿਯੋਗ ਕਰਨ ਲਈ 'ਕਮੇਟੀ ਫਾਰ ਦੀ ਪ੍ਰੋਟੈਕ ਨ ਆਫ਼ ਡੈਮੋਕਰੈਟਿਕ' ਰਾਈਟਸ ਦਾ ਧੰਨਵਾਦ ਕਰਦੀ ਹੈ।

- ਜੇ ਤੁਹਾਨੂੰ ਕਿਸੇ ਕਾਨੂੰਨ ਤਹਿਤ ਮੁਜਰਿਮ ਕਰਾਰ ਦਿੱਤਾ ਗਿਆ ਹੋਵੇ।

- ਜੇ ਤੁਸੀਂ ਕਿਸੇ ਪੁਲਿਸ ਅਫ਼ਸਰ ਦੇ ਕੰਮ ਵਿਚ ਰੁਕਾਵਟ ਪੈਦਾ ਕਰ ਰਹੇ ਹੋ।

- ਜੇ ਤੁਸੀਂ ਪੁਲਿਸ ਦੀ ਹਿਰਾਸਤ ਵਿਚੋਂ ਬਚ ਨਿਕਲੇ ਹੋ ਜਾਂ ਬਚ ਨਿਕਲਣ ਦੀ ਕੋਸ਼ਿਸ਼ ਕੀਤੀ ਹੋਵੇ।

- ਜੇ ਤੁਸੀਂ ਹਥਿਆਰਬੰਦ ਬਲਾਂ (ਫੌਜ) ਨੂੰ ਛੱਡ ਕੇ ਭੱਜ ਆਏ ਹੋਵੋ।

- ਜੇ ਤੁਸੀਂ ਭਾਰਤ ਤੋਂ ਬਾਹਰ ਰਹਿੰਦੇ ਹੋ, ਭਾਰਤ ਵਿਚ ਸਜ਼ਾਯੋਗ ਕੋਈ ਜੁਰਮ ਕੀਤਾ ਹੋਵੇ ਅਤੇ ਉਸ ਜੁਰਮ ਵਾਸਤੇ ਤੁਹਾਨੂੰ ਕਿਸੇ ਭਾਰਤੀ ਕਾਨੂੰਨ ਤਹਿਤ ਗਿਰਫਤਾਰ ਕੀਤਾ ਜਾ ਸਕਦਾ ਹੋਵੇ।

- ਜੇ ਤੁਸੀਂ ਆਪਣੇ ਉੱਤੇ ਅਦਾਲਤ ਵਲੋਂ ਤੁਹਾਡੀ ਆਮਦੋ ਰਫਤ ਉੱਤੇ ਲਗੀਆਂ ਪਾਬੰਦੀਆਂ ਨੂੰ ਤੋੜ ਦੇ ਹੋ, ਮਿਸਾਲ

ਵਜੋਂ ਜੇਕਰ ਜਾਅਲੀ ਨੋਟ ਬਣਾਉਣ ਦੇ ਜੁਰਮ ਜਿਹੇ ਜੁਰਮ ਵਿਚ ਤੁਹਾਨੂੰ ਪਹਿਲੇ ਸਜ਼ਾ ਚੁੱਕੀ ਹੋਵੇ ਅਤੇ ਤੁਹਾਨੂੰ ਜੇਲ੍ਹ ਤੋਂ ਆਪਣੀ ਰਿਹਾਈ ਮਗਰੋਂ ਆਪਣੇ ਆਉਣ ਜਾਣ ਬਾਰੇ ਪੁਲਿਸ ਨੂੰ ਸੂਚਿਤ ਕਰਨਾ ਪੈਂਦਾਂ ਹੋਵੇ ਪਰ ਤੁਸੀਂ ਬਿਨਾਂ ਜਾਣਕਾਰੀ ਦਿੱਤੇ ਸ਼ਹਿਰ ਤੋਂ ਬਾਹਰ ਜਾਂਦੇ ਹੋ ਤਾਂ ਤੁਹਾਨੂੰ ਗਿਰਫਤਾਰ ਕੀਤਾ ਜਾ ਸਕਦਾ ਹੈ।

- ਜੇਕਰ ਤੁਹਾਡੇ ਉੱਤੇ ਸ਼ੱਕ ਹੋਵੇ ਕਿ ਤੁਸੀਂ ਕਿਸੇ ਕਾਨੂੰਨ ਗੋਚਰ ਜੁਰਮ ਦੀ (ਜਿਵੇਂ ਕਿ ਡਕੈਤੀ, ਕਤਲ ਵਗੈਰਾ) ਦੀ ਤਿਆਰੀ ਕਰ ਰਹੇ ਹੋ।

- ਜੇਕਰ ਤੁਸੀਂ ਆਦੀ ਮੁਜਰਿਮ ਹੋ।

- ਜੇ ਤੁਸੀਂ ਕਿਸੇ ਪੁਲਿਸ ਅਫਿਸਰ ਦੀ ਹਾਜ਼ਰੀ ਵਿਚ ਕੋਈ ਕਾਨੂੰਨ ਗੋਚਰ ਜੁਰਮ ਕੀਤਾ ਹੋਵੇ ਅਤੇ ਉਸਨੂੰ ਆਪਣਾ ਨਾਂ ਪਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੋਵੇ ਜਾਂ ਆਪਣਾ ਨਾਂ ਪਤਾ ਗਲਤ ਦਿੱਤਾ ਹੋਵੇ।

- ਜੇ ਤੁਹਾਡੇ ਕੋਲ ਕੋਈ ਚੋਰੀ ਕੀਤੀ ਹੋਈ ਸੰਪਤੀ ਹੈ।

- ਜੇ ਤੁਸੀਂ ਕਿਸੇ ਹੋਰ ਪੁਲਿਸ ਸਟੇਸ਼ਨ ਦੇ ਪੁਲਿਸ ਅਫ਼ਸਰ ਨੂੰ ਲੋੜੀਂਦੇ ਹੋ ਜਿਸਨੂੰ ਸ਼ੱਕ ਹੈ ਕਿ ਤੁਸੀਂ ਕੋਈ ਕਾਨੂੰਨ ਗੋਚਰ ਜੁਰਮ ਕੀਤਾ ਹੈ।

## ਤੁਹਾਨੂੰ ਕੌਣ ਗਿਰਫਤਾਰ ਕਰ ਸਕਦਾ ਹੈ?

- ਕੋਈ ਵੀ ਪੁਲਿਸ ਅਫ਼ਸਰ, ਪਰ ਜੇਕਰ ਜੁਰਮ ਕਰਨ ਵਾਲੀ ਔਰਤ ਹੈ ਤਾਂ ਉਨ੍ਹਾਂ ਹਾਲਾਤਾਂ ਵਿਚ ਸਿਰਫ ਮਹਿਲਾ ਪੁਲਿਸਰ ਅਫ਼ਸਰ। ਪਰ ਜੇਕਰ ਕੋਈ ਮਹਿਲਾ ਅੁਸਰ ਨਹੀਂ ਤਾਂ ਕੋਈ ਵੱਡਾ ਪੁਲਿਸ ਅਧਿਕਾਰੀ ਹੀ ਸਰਪੰਚ ਸਾਹਮਣੇ ਜਾਂ ਉਸਦੇ ਘਰਦਿਆਂ ਦੀ ਮੌਜੂਦਗੀ ਵਿਚ ਤੂਹਾਨੂੰ ਗਿਰਫਤਾਰ ਕਰ ਸਕਦਾ ਹੈ।

- ਕੋਈ ਵੀ ਆਦਮੀ ਜਿਸਦੇ ਸਾਹਮਣੇ ਕੋਈ ਅਜਿਹਾ ਜੁਰਮ (ਜਿਸਦੀ ਸੁਣਵਾਈ ਹੋ ਸਕਦੀ ਹੋਵੇ ਅਤੇ ਗੈਰ ਜਮਾਨਤੀ ਹੋਵੇ) ਹੁੰਦਾ ਹੈ, ਗਿਰਫਤਾਰ ਕਰ ਸਕਦਾ ਹੈ ਜਿਵੇਂ ਕਿ ਜੇਕਰ ਤੁਸੀਂ ਆਪਣੀਆਂ ਅੱਖਾਂ ਨਾਲ ਕਿਸੇ ਨੂੰ ਚੋਰੀ, ਕਤਲ ਜਾਂ

ਬਲਾਤਕਾਰ, ਡਕੈਤੀ ਆਦਿ ਕਰਦੇ ਵੇਖੋਂ ਤਾਂ ਉਸਨੂੰ ਗਿਰਫਤਾਰ ਕਰ ਸਕਦੇ ਹੋ।

- ਜੇਕਰ ਜੁਰਮ ਕਿਸੇ ਜੱਜ ਦੀ ਮੌਜੂਦਗੀ ਵਿਚ ਹੁੰਦਾ ਹੈ ਤਾਂ ਉਹ ਵੀ ਗਿਰਫਤਾਰ ਕਰ ਸਕਦਾ ਹੈ।

## ਗਿਰਫਤਾਰੀ ਮਗਰੋਂ ਤੁਹਾਡੇ ਹੱਕ:

- ਤੁਹਾਡਾ ਇਹ ਹੱਕ ਹੈ ਕਿ ਤੁਹਾਨੂੰ ਇਹ ਦੱਸਿਆ ਜਾਵੇ ਕਿ ਤੁਹਾਨੂੰ ਕਿਸ ਲਈ ਗਿਰਫਤਾਰ ਕੀਤਾ ਜਾ ਰਿਹਾ ਹੈ।
- ਅਦਾਲਤ ਦੇ ਹੁਕਮ ਤੋਂ ਬਿਨਾਂ ਕਿਸੇ ਵੀ ਵਿਅਕਤੀ ਨੂੰ ਹਥਕੜੀ ਜਾਂ ਰੱਸੀ ਨਾਲ ਨਹੀਂ ਬੰਨ੍ਹਿਆਂ ਜਾ ਸਕਦਾ।
- ਤੁਹਾਨੂੰ ਆਪਣੇ ਵਕੀਲ ਤੋਂ ਸਲਾਹ ਲੈਣ ਦਾ ਅਤੇ ਤੁਰੰਤ ਫੋਨ ਕਰਨ ਦਾ ਹੱਕ ਹੈ ਅਤੇ ਪੁੱਛ ਗਿੱਛ ਵੇਲੇ ਵੀ ਤੁਸੀਂ ਆਪਣੇ ਵਕੀਲ ਨੂੰ ਨਾਲ ਰੱਖ ਸਕਦੇ ਹੋ।
- ਜੇਕਰ ਤੁਸੀਂ ਗਰੀਬ ਹੋ ਤਾਂ ਅਦਾਲਤ ਵਲੋਂ ਮੁਫ਼ਤ ਕਾਨੂੰਨੀ ਮਦਦ ਦੀ ਮੰਗ ਕਰ ਸਕਦੇ ਹੋ।

- ਤੁਹਾਨੂੰ 24 ਘੰਟੇ ਦੇ ਅੰਦਰ ਅੰਦਰ ਜੱਜ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੈ, ਜੇ ਅਜਿਹਾ ਨਹੀਂ ਹੁੰਦਾ ਤਾਂ ਤੁਸੀਂ ਇਸਦੀ ਜਾਣਕਾਰੀ ਅਦਾਲਤ ਨੂੰ ਦੇ ਸਕਦੇ ਹੋ।

- ਤੁਹਾਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੁਹਾਨੂੰ ਜਮਾਨਤ ਮਿਲ ਸਕਦੀ ਹੈ ਜਾਂ ਨਹੀਂ।

- ਜਦੋਂ ਕੋਈ ਪੁਲਿਸ ਅਫ਼ਸਰ ਗਿਰਫਤਾਰ ਵਿਅਕਤੀ ਦੀ ਤਲਾਸ਼ੀ ਲੈਂਦਾ ਹੈ, ਤਾਂ ਉਹ ਵਿਅਕਤੀ ਉਸ ਕੋਲੋਂ ਮਿਲੀਆਂ ਚੀਜ਼ਾਂ ਦੀ ਰਸੀਦ ਮੰਗ ਸਕਦਾ ਹੈ।

- ਸਿਰਫ ਮਹਿਲਾ ਪੁਲਿਸ ਅਫ਼ਸਰ ਹੀ ਕਿਸੇ ਔਰਤ ਦੀ ਤਲਾਸ਼ੀ ਲੈ ਸਕਦੀ ਹੈ।

- ਰਾਤ ਵੇਲੇ ਕਿਸੇ ਔਰਤ ਨੂੰ ਪੁੱਛ ਗਿੱਛ ਲਈ ਪੁਲਿਸ ਸਟੇਸ਼ਨ ਨਹੀਂ ਬੁਲਾਇਆ ਜਾ ਸਕਦਾ ਸਗੋਂ ਪੁਲਿਸ ਅਫ਼ਸਰ ਦੀ ਇਹ ਡਿਊਟੀ ਹੈ ਕਿ ਉਹ ਘਰ ਜਾ ਕੇ ਪੁੱਛ ਗਿੱਛ ਕਰੇ।

- ਤੁਸੀਂ ਇਹ ਮੰਗ ਕਰ ਸਕਦੇ ਹੋ ਕਿ ਪੁੱਛ ਗਿੱਛ ਦੌਰਾਨ ਇਕ

ਮਹਿਲਾ ਪੁਲਿਸ ਅਧਿਕਾਰੀ ਥਾਣੇ ਵਿਚ ਤੁਹਾਡੇ ਕੋਲ ਰਹੇ ਅਤੇ ਤੁਹਾਨੂੰ ਮਹਿਲਾ ਜੇਲ੍ਹ ਵਿਚ ਰੱਖਿਆ ਜਾਵੇ।

- ਇਹ ਔਰਤ ਦਾ ਹੱਕ ਹੈ ਕਿ ਉਹ ਮੰਗ ਕਰ ਸਕਦੀ ਹੈ ਕਿ ਉਸਦੀ ਡਾਕਟਰੀ ਜਾਂਚ ਕਿਸੇ ਮਹਿਲਾ ਡਾਕਟਰ ਦੁਆਰਾ ਕੀਤੀ ਜਾਵੇ।

- ਜੱਜ ਔਰਤਾਂ ਨੂੰ, ਬੱਚਿਆਂ ਨੂੰ ਅਤੇ ਦਿਮਾਗੀ ਤੌਰ ਤੇ ਕਮਜ਼ੋਰ ਵਿਅਕਤੀਆਂ ਨੂੰ ਜਮਾਨਤ ਤੇ ਛੱਡ ਸਕਦਾ ਹੈ।

- ਜੇਕਰ ਪਤੀ ਪਤਨੀ ਇੱਕ ਹੀ ਜੇਲ੍ਹ ਵਿਚ ਹਨ ਤਾਂ ਉਨ੍ਹਾਂ ਨੂੰ ਆਪਸ ਵਿਚ ਮਿਲਣ ਦਾ ਹੱਕ ਹੈ।

- 18 ਸਾਲ ਤੋਂ ਘੱਟ ਉਮਰ ਦੀ ਕੁੜੀ ਅਤੇ 16 ਸਾਲ ਤੋਂ ਘੱਟ ਉਮਰ ਦੇ ਮੁੰਡੇ ਨੂੰ ਜੇਲ੍ਹ ਵਿਚ ਨਹੀਂ ਰੱਖ ਸਕਦੇ, ਉਨ੍ਹਾਂ ਨੂੰ ਸੁਧਾਰ ਘਰ ਵਿਚ ਭੇਜਣਾ ਜ਼ਰੂਰੀ ਹੈ।

## ਪੁਲਿਸ ਹਿਰਾਸਤ ਵਿਚ ਅੱਤਿਆਚਾਰ

**(ਇੰਡੀਅਨ ਪੀਨਲ ਕੋਡ ਦਾ ਸੈਕਸ਼ਨ 330, ਕ੍ਰਿਮੀਨਲ**

**ਪ੍ਰੋਸੀਜਰ ਕੋਡ ਦਾ ਸੈਕਸ਼ਨ 197 ਅਤੇ ਬੰਬਈ ਪੁਲਿਸ ਐਕਟ ਦਾ ਸੈਕਸ਼ਨ 24, 66 ਆਦਿ**)

ਪੁਲਿਸ ਉਪਰ ਵੀ ਆਮ ਆਦਮੀ ਜਿੰਨੀਆਂ ਪਾਬੰਦੀਆਂ ਹਨ। ਇਸ ਤਰ੍ਹਾਂ ਹਰ ਪੁਲਿਸ ਅਫ਼ਸਰ ਦਾ ਇਹ ਫਰਜ਼ ਬਣਦਾ ਹੈ ਉਹ ਉਸਦੀ ਹਿਰਾਸਤ ਵਿਚ ਆਏ ਹਰ ਆਦਮੀ ਲਈ ਉਚਿਤ ਸਮਾਨ ਅਤੇ ਥਾਂ ਦਾ ਬੰਦੋਬਸਤ ਕਰੇ। ਇਸ ਤੋਂ ਇਲਾਵਾ ਔਰਤਾਂ ਅਤੇ ਬੱਚਿਆ ਨਾਲ ਵੱਧ ਤੋਂ ਵੱਧ ਚੰਗਾ ਵਤੀਰਾ ਕਰੇ ਅਤੇ ਸ਼ਰਾਫ਼ਤ ਨਾਲ ਪੇਸ਼ ਆਵੇ। ਪੁਲਿਸ ਅਫ਼ਸਰ ਵੀ ਗੈਰ ਕਾਨੂੰਨੀ ਕੰਮਾਂ ਲਈ ਜਵਾਬਦੇਹ ਹੈ। ਹਰ ਤਰੀਕੇ ਦਾ ਅੱਤਿਆਚਾਰ, ਭਾਵੇਂ ਉਹ ਸਰੀਰਿਕ ਹੋਵੇ ਜਾਂ ਮਾਨਸਿਕ, ਗੈਰ ਕਾਨੂੰਨੀ ਹੈ। ਜੁਰਮ ਕਬੂਲ ਕਰਵਾਉਣ ਲਈ ਪੁਲਿਸ ਅਫ਼ਸਰ ਵਲੋਂ ਦਿੱਤਾ ਗਿਆ ਜ਼ਖ਼ਮ (ਸਰੀਰਿਕ) ਵੀ ਇੰਡੀਅਨ ਪੀਨਲ ਕੋਡ ਦੇ ਤਹਿਤ ਅਪਰਾਧ ਹੈ। ਪਹਿਲੇ ਜੁਰਮ ਤੇ ਸੱਤ ਸਾਲ ਦੀ ਕੈਦ ਅਤੇ ਦੂਜੇ ਜੁਰਮ ਤੇ ਦਸ ਸਾਲ ਦੀ ਕੈਦ ਹੋ ਸਕਦੀ ਹੈ। ਜੇਕਰ ਅਪਰਾਧ ਕਬੂਲ ਕਰਵਾਉਣ ਲਈ ਜਾਂ ਜਾਣਕਾਰੀ ਹਾਸਲ ਕਰਨ ਤੋਂ ਇਲਾਵਾ ਕਿਸੇ ਹੋਰ ਕਾਰਨ ਕਰਕੇ ਅੱਤਿਆਚਾਰ ਕੀਤਾ ਜਾਂਦਾ ਹੈ ਤਾਂ ਇਹ ਹਮਲਾ ਕਰਨ ਜਾਂ ਜ਼ਖ਼ਮੀ ਕਰਨ ਦਾ ਅਪਰਾਧ ਬਣਦਾ ਹੈ। (ਭਾਵੇਂ ਸਿਰਫ ਧਮਕੀ ਹੀ ਕਿਉਂ ਨਾ ਦਿੱਤੀ ਗਈ ਹੋਵੇ।)

## ਪਟਿਆਲਾ ਪੁਲਿਸ ਨੇ ਲੋੜਵੰਦਾਂ ਨੂੰ ਕਾਨੂੰਨੀ ਮਦਦ ਦੇਣ ਲਈ ਸਹਾਇਤਾ ਯੋਜਨਾ ਆਰੰਭੀ।

ਪਟਿਆਲਾ, 8 ਅਪ੍ਰੈਲ (ਸ.ਰ.) - ਪਟਿਆਲਾ ਪੁਲਿਸ ਨੇ ਇਕ ਵਾਰੀ ਫਿਰ ਮੁਲਕ ਭਰ ਵਿਚੋਂ ਲੀਡ ਲੈ ਲਈ ਹੈ ਕਿ ਉਸ ਨੇ ਲੋੜਵੰਦਾਂ ਨੂੰ ਕਾਨੂੰਨੀ ਮਦਦ ਦੇਣ ਲਈ ਸਹਾਇਤਾ ਯੋਜਨਾਂ ਆਰੰਭੀ ਹੈ। ਇਹ ਯੋਜਨਾ ਜਿਸ ਤਹਿਤ ਮੁਜਰਮ ਨੂੰ ਫੜੇ ਜਾਣ ਤੇ ਹੀ ਉਸ ਦੇ ਜ਼ੁਰਮ ਅਤੇ ਜੇਕਰ ਲੋੜ ਹੋਵੇ ਤਾਂ ਵਕੀਲ ਮੁਹੱਈਆ ਕਰਾਉਣ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਇਤਲਾਹ ਦੇਣਾ ਆਦਿ ਸ਼ਾਮਲ ਹੈ, ਦਾ ਰਸਮੀ ਉਦਘਾਟਨ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ. ਸਰਬਜੀਤ ਸਿੰਘ ਨੇ ਇਥੇ ਪੰਜਾਬੀ ਵਰਸਿਟੀ ਦੇ ਗੁਰੂ ਤੇਗ ਬਹਾਦਰ ਹਾਲ ਵਿਚ ਪਟਿਆਲਾ ਪੁਲਿਸ ਅਤੇ ਪ੍ਰਸ਼ਾਸਨ ਦੀ ਮਦਦ ਨਾਲ ਪੁਲਿਸ ਰਾਹੀਂ ਲੋਕਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣ ਲਈ ਕੀਤੇ ਸਮਾਗਮ ਵਿਚ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਮੌਕੇ ਪਟਿਆਲਾ ਪੁਲਿਸ ਵਲੋਂ ਆਰੰਭੀਆਂ ਗਈਆਂ ਵੱਖ ਵੱਖ ਸਕੀਮਾਂ ਦੀ ਸ਼ਾਲਾਘਾ ਕੀਤੀ ਅਤੇ ਕਿਹਾ ਕਿ ਪਟਿਆਲਾ ਪੁਲਿਸ ਹੀ ਹੈ ਜਿਸ ਨੇ ਆਮ ਲੋਕਾਂ ਨਾਲ ਵਰਤਾਓ ਵੇਲੇ ਪੁਲਿਸ ਮੁਲਾਜ਼ਮਾਂ ਨੂੰ ਸ਼੍ਰੀਮਾਨ ਜੀ ਕਹਿਣ ਲਾਇਆ ਅਤੇ ਫਿਰ ਇਸ ਨੇ ਹੀ ਮੁਲਾ ਮਾਂ ਦੇ ਜੀ.ਪੀ.ਫ਼ੰਡ ਲਈ ਕੰਪਿਊਟਰੀਕਰਨ ਕੀਤਾ ਅਤੇ ਮੁਲਾਜ਼ਮਾਂ ਨੂੰ ਇਕ ਦਿਨ ਦੀ ਛੁੱਟੀ ਯਕੀਨੀ ਬਣਾਈ ਜਿਸ ਨੂੰ ਪੂਰੇ ਮੁਲਕ ਵਿਚ ਲਾਗ ਕੀਤਾ ਗਿਆ। ਸ. ਸਰਬਜੀਤ ਸਿੰਘ ਨੇ ਪਟਿਆਲਾ ਪੁਲਿਸ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹੁਣ ਲੋੜਵੰਦਾਂ ਨੂੰ ਲੋੜੀਂਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਾ ਕੇ ਵੀ ਪਟਿਆਲਾ ਪੁਲਿਸ ਨੇ ਪੂਰੇ ਮੁਲਕ ਵਿਚੋਂ ਲੀਡ ਲੈ ਲਈ ਹੈ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਦੋ ਮਹੀਨੇ ਤੱਕ ਇਸ ਸੇਵਾ ਦੇ ਚੰਗੇ ਨਤੀਜੇ ਨਿਕਲਣਗੇ ਅਤੇ ਫਿਰ ਇਸ ਨੂੰ ਪੂਰੇ ਪੰਜਾਬ ਵਿਚ ਲਾਗੂ ਕੀਤਾ ਜਾਵੇਗਾ।

ਇਸ ਮੌਕੇ ਹਾਈ ਕੋਰਟ ਦੇ ਜਸਟਿਸ ਐਚ.ਐਸ.ਬੇਦੀ, ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ. ਕੇ.ਐਸ.ਗਰੇਵਾਲ, ਜਿਲ੍ਹਾ ਪੁਲਿਸ ਮੁਖੀ ਸ. ਹਰਪ੍ਰੀਤ ਸਿੰਘ ਸਿੱਧੂ, ਡੀ.ਸੀ. ਸ. ਜਸਬੀਰ ਸਿੰਘ ਬੀਰ ਨੇ ਵੀ ਆਪਣੇ ਵਿਚਾਰ ਰੱਖੇ।

ਸ੍ਰੋਤ - ਅਜੀਤ

## ਸਹਾਇਤਾ ਸਕੀਮ ਕੀ ਹੈ?

ਪੰਜਾਬ ਪੁਲਿਸ ਪਟਿਆਲਾ ਵਲੋਂ ਲੋਕਾਂ ਨੂੰ ਮੁਫਤ ਕਾਨੂੰਨੀ ਮਦਦ ਦੇਣ ਲਈ ਇਕ 'ਸਹਾਇਤਾ' ਨਾਂ ਦੀ ਸਕੀਮ ਚਲਾਈ ਗਈ ਹੈ। ਵੈਸੇ ਤਾਂ ਸਾਡੇ ਸੰਵਿਧਾਨ ਵਿਚ ਪਹਿਲਾਂ ਤੋਂ ਹੀ ਮੁਫਤ ਕਾਨੂੰਨੀ ਮਦਦ ਦਾ ਪ੍ਰਬੰਧ ਕੀਤਾ ਗਿਆ ਹੈ, ਪਰ ਇਸ ਨੂੰ ਪੂਰੀ ਤਰ੍ਹਾਂ ਅਮਲ ਵਿਚ ਨਹੀਂ ਲਿਆਇਆ ਗਿਆ।

ਇਸ ਲਈ ਪਟਿਆਲਾ ਪੁਲਿਸ ਨੇ ਪਹਿਲ ਕਰਦੇ ਹੋਏ ਇਸ ਨੂੰ ਅਮਲ ਵਿਚ ਲਿਆਉਣ ਲਈ ਸਹਾਇਤਾ ਸਕੀਮ ਚਲਾਈ ਹੈ ਜਿਸ ਦਾ ਫਾਇਦਾ ਹਰ ਜ਼ਰੂਰਤ ਮੰਦ ਆਦਮੀ ਲੈ ਸਕਦਾ ਹੈ।

ਇਸ ਸਕੀਮ ਅਧੀਨ ਹੇਠ ਲਿਖੇ ਸਮੇਂ ਤੇ ਕਾਨੂੰਨੀ ਮਦਦ ਦਿੱਤੀ ਜਾਂਦੀ ਹੈ:-

**(ੳ)** ਗ੍ਰਿਫਤਾਰੀ ਸਮੇਂ ਜਾਂ ਦੋਸ਼ ਲਾਏ ਜਾਣ ਤੇ ਇਕ ਕਾਨੂੰਨੀ ਮਦਦ ਸਲਾਹਕਾਰ (ਲੀਗਲ ਏਡ ਕਾਉਂਸਲ) ਦੋਸ਼ੀ ਨੂੰ ਕਰਵਾ ਕੇ ਦਿੱਤਾ ਜਾਂਦਾ ਹੈ।

**(ਅ)** ਇਸ ਸਕੀਮ ਹੇਠ ਆਉਂਦਾ ਦੋਸ਼ੀ ਵਿਅਕਤੀ ਡਿਸਟਰਿਕਟ ਲੀਗਲ ਸਰਵਿਸ ਅਥਾਰਟੀ (ਡੀ.ਐਲ.ਐਸ.ਏ.) ਵਲੋਂ ਜਾਰੀ ਮੁਫਤ ਕਾਨੂੰਨੀ ਮਦਦ ਦਾ ਫਾਰਮ ਭਰ ਕੇ ਗ੍ਰਿਫਤਾਰੀ ਮਗਰੋਂ ਅਦਾਲਤ ਵਿਚ ਪੇਸ਼ ਕੀਤੇ ਜਾਣ ਸਮੇਂ (ਜੇਕਰ ਗੈਰ ਜਮਾਨਤੀ ਕੇਸ ਹੋਵੇ) ਜਾਂ ਚਾਰਜਸ਼ੀਟ ਪੇਸ਼ ਕਰਦੇ ਸਮੇਂ (ਜੇਕਰ ਜਮਾਨਤੀ ਕੇਸ ਹੋਵੇ) ਇਹ ਮਦਦ ਲੈ ਸਕਦਾ ਹੈ। ਇਸ ਸਕੀਮ ਦੀ ਕਾਰਜ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ:-

- ਗ੍ਰਿਫਤਾਰੀ ਦੇ ਸਮੇਂ ਦੋਸ਼ੀ ਆਪਣੇ ਵਕੀਲ ਨਾਲ ਸਲਾਹ ਮਸ਼ਵਰਾ ਕਰ ਸਕਦਾ ਹੈ। ਜੇਕਰ ਦੋਸ਼ੀ ਦੇ ਹਾਲਾਤ ਅਜਿਹੇ ਨਹੀ ਜਾਂ ਉਹ ਆਪਣੇ ਵਕੀਲ ਦਾ ਖਰਚਾ ਨਹੀਂ ਚੁੱਕ ਸਕਦਾ ਤਾਂ ਉਹ ਉਸ ਪੁਲਿਸ ਸਟੇਸ਼ਨ ਨਾਲ ਸਬੰਧਤ ਅਦਾਲਤ ਦੀ ਲੀਗਲ ਏਡ ਕਾਉਂਸਲ ਤੋਂ ਕਿਸੇ ਵਕੀਲ ਦੀ ਮੰਗ ਕਰ ਸਕਦਾ ਹੈ। ਜਾਂਚ ਅਧਿਕਾਰੀ ਪੁਲਿਸ ਸਟੇਸ਼ਨ ਵਿਚ ਇਸ ਸਬੰਧੀ ਡੀ.ਡੀ.ਆਰ. ਦਰਜ ਕਰ ਕੇ ਲੀਗਲ ਏਡ ਕਾਉਂਸਲ ਨੂੰ ਗ੍ਰਿਫਤਾਰੀ ਸਬੰਧੀ ਇਤਲਾਹ ਦਿੰਦਾ ਹੈ ਅਤੇ ਡਾਇਰੀ ਵਿਚ ਦਰਜ ਕਰਦਾ ਹੈ। ਵਕੀਲ ਦੇ ਪੁਲਿਸ ਸਟੇਸ਼ਨ ਪਹੁੰਚਣ ਤੇ ਉਸਨੂੰ ਦੋਸ਼ੀ ਨਾਲ ਮੁਲਾਕਾਤ ਕਰਨ ਦਿੱਤੀ ਜਾਂਦੀ ਹੈ ਅਤੇ ਵਕੀਲ ਦੇ ਆਉਣ ਅਤੇ ਜਾਣ ਦਾ ਸਮਾਂ ਵੀ ਦਰਜ ਕੀਤਾ ਜਾਂਦਾ ਹੈ ਤਾਂ ਕਿ ਇਸ ਸਾਰੀ ਕਾਰਵਾਈ ਨੂੰ ਯਕੀਨੀ ਬਣਾਇਆ ਜਾ ਸਕੇ।
- ਕਾਨੂੰਨੀ ਮਦਦ ਦਾ ਫਾਰਮ ਰੋਡ ਸਰਟੀਫਿਕੇਟ (ਰਜਿਸਟਰ 21) ਸਮੇਤ ਭਰ ਕੇ ਅਦਾਲਤ ਨੂੰ ਭੇਜਿਆ ਜਾਂਦਾ ਹੈ। ਇਹ ਸਾਰੀ ਕਾਰਵਾਈ ਇਸ ਲਈ ਹੈ ਕਿ ਇਹ ਯਕੀਨੀ ਬਣੇ ਕਿ ਕਾਨੂੰਨੀ ਤੌਰ ਤੇ ਪੂਰੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਮੈਜਿਸਟਰੇਟ ਵਲੋਂ ਫਾਰਮ ਸਕੱਤਰ, ਡੀ.ਐਲ.ਐਸ.ਏ. ਨੂੰ ਭੇਜਿਆ ਜਾਂਦਾ ਹੈ ਅਤੇ ਉਹ ਸਕੱਤਰ ਇਕ ਕਾਨੂੰਨੀ ਮਦਦ ਸਲਾਹਕਾਰ ਨਿਯੁਕਤ ਕਰਦਾ ਹੈ। ਅਗਰ ਦੋਸ਼ੀ ਨੂੰ ਲੱਗੇ ਕਿ ਸਲਾਹਕਾਰ ਠੀਕ ਨਹੀਂ ਤਾਂ ਉਹ ਉਸਨੂੰ ਬਦਲਣ ਲਈ ਵੀ ਬੇਨਤੀ ਕਰ ਸਕਦਾ ਹੈ ਜਾਂ ਆਪਣਾ ਵਕੀਲ ਕਰ ਸਕਦਾ ਹੈ।
- ਸਿਰਫ ਦੋਸ਼ੀ ਹੀ ਨਹੀਂ ਸਗੋਂ ਅਰੋਪੀ ਵਿਅਕਤੀ ਵੀ ਮੁਫਤ ਕਾਨੂੰਨੀ ਮਦਦ ਦੀ ਮੰਗ ਕਰ ਸਕਦਾ ਹੈ। ਇਹ ਕਾਨੂੰਨੀ ਮਦਦ ਪੂਰੀ ਤਰ੍ਹਾਂ ਨਾਲ ਮੁਫਤ ਹੈ ਅਤੇ ਇਸ ਦਾ ਕੋਈ ਵੀ ਲੋੜਵੰਦ ਫਾਇਦਾ ਲੈ ਸਕਦਾ ਹੈ। ਇਸ ਨੂੰ ਕਾਮਯਾਬ ਬਣਾਉਣ ਲਈ ਪੁਲਿਸ, ਵਕੀਲ ਅਤੇ ਜੁਡੀਸ਼ੀਅਰੀ ਮਿਲ ਕੇ ਸਹਿਯੋਗ ਕਰ ਰਹੇ ਹਨ।

## ਜੇਕਰ ਤੁਹਾਡੇ ਉਪਰ ਅੱਤਿਆਚਾਰ ਹੋਇਆ ਹੈ ਤਾਂ:-

1. ਦੋਸ਼ੀ ਪੁਲਿਸ ਵਾਲੇ ਦਾ ਨਾਂ ਅਤੇ ਨੰਬਰ ਨੋਟ ਕਰੋ।
2. ਹੋ ਸਕੇ ਤਾਂ ਕਿਸੇ ਵਕੀਲ ਜਾਂ ਰਿਸ਼ਤੇਦਾਰ ਨਾਲ ਸੰਪਰਕ ਕਰੋ।
3. ਕਿਸੇ ਰਜਿਸਟਰਡ ਮੈਡੀਕਲ ਪਰੈਕਟੀਸ਼ਨਰ ਕੋਲੋਂ ਆਪਣੀ ਜਾਂਚ ਕਰਵਾਓ। ਤਰਜੀਹ ਸਰਕਾਰੀ ਡਾਕਟਰ ਨੂੰ ਦੇਵੋ ਅਤੇਸਰਟੀਫਿਕੇਟ ਲਵੋ।
4. ਮੈਜਿਸਟਰੇਟ ਨੂੰ ਸ਼ਿਕਾਇਤ ਕਰੋ, ਜਿਹੜਾ ਤੁਹਾਡੀ ਡਾਕਟਰੀ ਜਾਂਚ ਦੇ ਹੁਕਮ ਦੇਵੇਗਾ।

## ਤੁਸੀਂ ਜਮਾਨਤ ਕਿਸ ਤਰ੍ਹਾਂ ਲੈ ਸਕਦੇ ਹੋ?

- ਜੇਕਰ ਤੁਹਾਡਾ ਜੁਰਮ ਜਮਾਨਤੀ ਹੈ ਤਾਂ ਪੁਲਿਸ ਦਾ ਫਰਜ਼ ਹੈ ਕਿ ਉਹ ਤੁਹਾਨੂੰ ਇਸ ਦੀ ਜਾਣਕਾਰੀ ਦੇਵੇ।
- ਆਪ ਆਪਣੇ ਦੋਸਤ, ਰਿਸ਼ਤੇਦਾਰ ਅਤੇ ਵਕੀਲ ਨੂੰ ਬੁਲਾ ਸਕਦੇ ਹੋ। ਤੁਸੀਂ ਆਪਣੇ ਵਕੀਲ ਨੂੰ ਉਨ੍ਹਾਂ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਨਾਂ ਅਤੇ ਪਤੇ ਦੇ ਸਕਦੇ ਹੋ ਜਿਹੜੇ ਤੁਹਾਡੀ ਜਮਾਨਤ ਦੇ ਸਕਦੇ ਹੋਣ ਜਾਂ ਮਦਦ ਕਰ ਸਕਦੇ ਹੋਣ।
- ਤੁਹਾਨੂੰ ਆਪਣੀ ਜਮਾਨਤ ਲਈ ਖੁਦ ਹੀ ਬੇਨਤੀ ਕਰਨੀ ਪਵੇਗੀ, ਇਹ ਅਦਾਲਤ ਦੀ ਜ਼ਿਮੇਂਵਾਰੀ ਨਹੀਂ ਹੈ। (ਜਮਾਨਤ ਲਈ ਬੇਨਤੀ ਪੱਤਰ ਦਾ ਨਮੂਨਾ ਪਿੱਛੇ ਦਿੱਤਾ ਗਿਆ ਹੈ।)
- ਜੇਕਰ ਜੱਜ ਜਮਾਨਤ ਤੋਂ ਇੰਨਕਾਰ ਕਰਦਾ ਹੈ ਤਾਂ ਤੁਸੀਂ ਉੱਚ ਕੋਰਟ ਵਿਚ ਜਾ ਸਕਦੇ ਹੋ।

**ਧਿਆਨ ਦੇਵੋ:**

- ਗੈਰ ਜਮਾਨਤੀ ਜੁਰਮਾਂ ਲਈ ਪੁਲਿਸ ਖੁਦ ਜਮਾਨਤ ਨਹੀਂ ਦੇ ਸਕਦੀ, ਇਸ ਲਈ ਕਿਸੇ ਜੱਜ ਦੀ ਆਗਿਆ ਲੈਣਾ ਜ਼ਰੂਰੀ ਹੈ।

## ਜੇਲ੍ਹ ਵਿਚ ਵੀ ਤੁਹਾਡੇ ਅਧਿਕਾਰ ਹਨ।

ਕੈਦ ਵਿਚ ਵੀ ਵਿਅਕਤੀ ਦੇ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਰੱਖਣਾ ਕਾਨੂੰਨੀ ਤੌਰ ਤੇ ਜ਼ਰੂਰੀ ਹੈ।

ਕਿਸੇ ਵੀ ਕੈਦੀ ਨੂੰ ਜੇਲ੍ਹ ਵਿਚ ਯਾਤਨਾਵਾਂ ਦੇਣਾ ਜਿਵੇਂ ਮਾਰ ਕੁਟਾਈ, ਬੇੜੀਆਂ ਵਿੱਚ ਬੰਨ੍ਹ ਕੇ ਰੱਖਣਾ ਆਦਿ ਕਾਨੂੰਨਣ ਜੁਰਮ ਹਨ। ਕੈਦੀ ਨੂੰ ਜ਼ਰੂਰੀ ਸੁਵਿਧਾਵਾਂ ਜਿਵੇਂ ਜਿਸ ਥਾਂ ਤੇ ਰੱਖਿਆ ਗਿਆ ਹੈ, ਉਹ ਜਗ੍ਹਾ ਰਹਿਣ ਦੇ ਕਾਬਲ ਹੋਵੇ, ਰੋਟੀ ਪਾਣੀ ਸਾਫ ਸੁਥਰੀ ਅਤੇ ਖਾਣ ਦ ਕਾਬਲ ਹੋਵੇ ਅਤੇ ਪਹਿਨਣ ਨੂੰ ਜ਼ਰੂਰਤ ਮੁਤਾਬਿਕ ਕੱਪੜਾ ਮੁਹੱਈਆ ਕਰਵਾਉਣਾ ਜ਼ਰੂਰੀ ਹੈ। ਸਮੇਂ ਸਮੇਂ ਤੇ ਉਸਦੀ ਡਾਕਟਰੀ ਜਾਂਚ ਬਹੁਤ ਜ਼ਰੂਰੀ ਹੈ। ਕੈਦੀ ਨੂੰ ਆਪਣੇ ਸਕੇ ਸਬੰਧੀਆਂ ਨਾਲ ਇਕ ਮਿੱਥੇ ਸਮੇਂ ਬਾਅਦ ਮਿਲਣ ਦਾ ਅਧਿਕਾਰ ਹੈ। ਜੇਕਰ ਪਤੀ ਪਤਨੀ ਇਕੋ ਜੇਲ੍ਹ ਵਿਚ ਕੈਦ ਹਨ ਤਾਂ ਉਨ੍ਹਾਂ ਨੂੰ ਵੀ ਆਪਸ ਵਿਚ ਮਿਲਣ ਦਾ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ। ਜੇਲ੍ਹ ਵਿਚ ਜੇਕਰ ਕੋਈ ਆਪਣੀ ਪੜ੍ਹਾਈ ਕਰਨਾ ਚਾਹੇ ਤਾਂ ਉਹ ਪਰੀਖਿਆ ਵਿਚ ਬੈਠ ਕੇ ਆਪਣਾ ਪੜ੍ਹਾਈ ਦਾ ਦਰਜਾ ਵਧਾ ਸਕਦਾ ਹੈ। ਉਸਦੀ ਬੇਨਤੀ ਉੱਤੇ ਲੋੜ ਦੀਆਂ ਕਿਤਾਬਾਂ ਦਾ ਇੰਤਜ਼ਾਮ ਕਰਨਾ ਵੀ ਜ਼ਰੂਰੀ ਹੈ। ਕੈਦੀ ਨੂੰ ਜੇਲ੍ਹ ਵਿਚ ਕਿਸੇ ਨਾ ਕਿਸੇ ਹੁਨਰ ਦੀ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਤਹਿਤ ਉਸ ਦੁਆਰਾ ਤਿਆਰ ਕੀਤੀਆਂ ਚੀਜ਼ਾਂ ਨੂੰ ਬਜ਼ਾਰ ਵਿਚ ਵੇਚ ਕਿ ਉਸਨੂੰ ਮਿਹਨਤਾਨਾ ਦਿੱਤਾ ਜਾਂਦਾ ਹੈ ਜੋ ਕਿ ਰਿਹਾਈ ਦੇ ਸਮੇਂ ਉਸ ਵਿਅਕਤੀ ਨੂੰ ਦੇ ਦਿੱਤਾ ਜਾਂਦਾ ਹੈ ਜਿਸ ਨਾਲ ਉਹ ਬਾਹਰ ਜਾ ਕੇ ਕੋਈ ਕੰਮ ਕਰ ਸਕੇ ਅਤੇ ਇਕ ਆਮ ਨਾਗਰਿਕ ਦੀ ਜ਼ਿੰਦਗੀ ਬਿਤਾ ਸਕੇ।

## ਜਮਾਨਤ/ਡਾਕਟਰੀ ਜਾਂਚ/ਕਾਨੂੰਨੀ ਮਦਦ ਲਈ ਬੇਨਤੀ ਪੱਤਰ ਦਾ ਨਮੂਨਾ।

ਮਾਨਯੋਗ ਜੱਜ ਸਾਹਿਬ ਸ਼੍ਰੀ ------------------------ਦੀ ਅਦਾਲਤ ਵਿਚ

ਮੁਕੱਦਮਾ ਨੰਬਰ------------------------ਸਾਲ-----------

(ਤੁਹਾਡਾ ਨਾਂ ਅਤੇ ਪਤਾ)

ਮੈਂ (ਨਾਂ ਲਿਖੋ) ਦੋਸ਼ੀ ਹਾਂ (ਵੇਰਵਾ ਹੇਠਾਂ)

1) ਮੈਂ ਪੁਲਿਸ ਦੁਆਰਾ ਗਿਰਫਤਾਰ ਕੀਤਾ ਗਿਆ ਸੀ।---------------------------------।
2) ਮੈਂ ਇਸ ਪਤੇ ਤੇ ਰਹਿੰਦਾ ਹੈ (ਪਤਾ ਲਿਖੋ)---------------------- ਸਾਲ (ਆਪਣੇ ਪਰਿਵਾਰ ਦੀ ਪੂਰੀ ਜਾਣਕਾਰੀ ਦਵੋ)। ਇਸ ਮਕਾਨ ਦਾ ਮਾਲਕ------------------------ਹੈ। ਮਕਾਨ ਕਿਰਾਏ ਉੱਪਰ ਹੈ (ਕੁੱਝ ਜਾਣਕਾਰੀ ਦਵੋ)
3) ਮੈਂ ਇਸ ਥਾਂ ਦੇ ਕੰਮ ਕਰਦਾ ਹਾਂ (ਜਾਣਕਾਰੀ ਦਵੋ)। ਮੈਂ ਪਿਛਲੇ-------------- ਸਾਲਾਂ ਤੋਂ ਇੱਥੇ ਕੰਮ ਕਰ ਰਿਹਾ ਹਾਂ।
4) ਮੈਂ ਪਹਿਲਾਂ ਕਦੀ ਵੀ ਗਿਰਫਤਾਰ ਨਹੀਂ ਹੋਇਆ। (ਜੇਕਰ ਸੱਚ ਹੈ ਤਾਂ ਹੀ ਲਿਖੋ)।
5) ਮੈਂ ਬੇਗੁਨਾਂਹ ਹਾਂ ਅਤੇ ਮੈਂ ਕਦੀ ਕੋਈ ਗੁਨਾਂਹ ਨਹੀਂ ਕੀਤਾ। (ਜੇਕਰ ਸੱਚ ਹੈ ਤਾਂ ਹੀ ਲਿਖੋ)।
6) ਮੈਂ ਨਾਂ ਤਾਂ ਭੱਜਾਂਗਾ, ਨਾ ਹੀ ਕਿਸੇ ਗਵਾਹ ਨੂੰ ਤੰਗ ਕਰਾਂਗਾ ਅਤੇ ਨਾਂ ਹੀ ਸਬੂਤਾਂ ਨਾਲ ਛੇੜਖਾਨੀ ਕਰਾਂਗਾ। ਮੈਂ ਜ਼ਰੂਰਤ ਪੈਣ ਤੇ ਕਚਹਿਰੀ ਅਤੇ ਪੁਲਿਸ ਸਟੇਸ਼ਨ ਵਿਚ ਹਾਜ਼ਰ ਹੋਵਾਂਗਾ।
7) (ਵਿਸਤਾਰ ਵਿਚ ਵੇਰਵਾ ਦਵੋ ਜੇ ਪੁਲਿਸ ਹਿਰਾਸਤ ਵਿਚ ਤੁਹਾਨੂੰ ਕੁੱਟ ਪਈ ਹੋਵੇ)। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਅਦਾਲਤੀ ਹਿਰਾਸਤ ਵਿਚ ਰੱਖਿਆ ਜਾਵੇ ਅਤੇ ਹਸਪਤਾਲ ਵਿਚ ਭੇਜਿਆ ਜਾਵੇ।
8) (ਜੇਕਰ ਤੁਸੀਂ ਗਰੀਬ ਹੋ ਤਾਂ ਦੱਸੋ)। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਇਕ ਤਜ਼ੁਰਬੇਕਾਰ ਅਤੇ ਕਾਬਿਲ ਵਕੀਲ ਮੁਹੱਈਆ ਕਰਵਾਇਆ ਜਾਵੇ।
9) ਇਸ ਲਈ ਬੇਨਤੀ ਕਰਦਾ ਹਾਂ ਕਿ ਮੈਨੂੰ ਜਮਾਨਤ ਦਿੱਤੀ ਜਾਵੇ।
10) ਹੋਰ ਵੀ ਵੇਰਵਾ ਦਵੋ ਕਿ ਤੁਸੀਂ ਕਿਹੜੇ ਖੇਤਰ ਅਤੇ ਜਾਤ ਨਾਲ ਸਬੰਧਤ ਹੋ ਅਤੇ ਤੁਹਾਨੂੰ ਉੱਥੇ ਰਹਿਣ ਵਾਲੇ ਲੋਕ ਜਾਣਦੇ ਹਨ ਤਾਂ ਕਿ ਤੁਸੀਂ ਭਗੌੜੇ ਨਹੀਂ ਹੋਵੋਗੇ।

ਤੁਸੀਂ ਆਪਣੀ ਬੇਨਤੀ ਖਾਲੀ ਕਾਗ ਉਪਰ ਲਿਖ ਕੇ ਜੱਜ ਦੇ ਸਾਹਮਣੇ ਪੇ ਹੋਣ ਤੇ ਦੇ ਸਕਦੇ ਹੋ। ਜੇਕਰ ਤੁਹਾਡਾ ਵਕੀਲ ਨਾ ਹੋਵੇ ਤਾਂ ਤੁਸੀਂ ਜ਼ਬਾਨੀ ਵੀ ਜਮਾਨਤ ਦੀ ਅਪੀਲ ਕਰ ਸਕਦੇ ਹੋ।

ਧੰਨਵਾਦ: ਮਨੁੱਖੀ ਅਧਿਕਾਰ ਅਤੇ ਕਾਨੂੰਨੀ ਤੰਤਰ - ਇੰਜੀਨੀਅਰ ਹਾਊਸ, 86 ਅਪੋਲੋ ਸਟਰੀਟ ਫੋਰਟ,
ਮੁੰਮਬਈ - 400023;
ਫੋਨ: 2676680, 2677385.

# ਲੋੜ ਪੈਣ ਤੇ ਸੰਪਰਕ ਕਰੋ

- ਥਾਣਾ ਸਿਵਲ ਲਾਇਨ,
  ਵੂਮੈਨ ਸੈਲ, ਪਟਿਆਲਾ
  ਫੋਨ: 219922, 3●6668

- ਆਸ਼ੀ ਸੈਲ,
  ਚੇਅਰਪਰਸਨ – ਸ਼੍ਰੀਮਤੀ ਰਵਿੰਦਰ ਕੌਰ,
  ਡੀ.ਸੀ.ਰੈਜ਼ੀਡੈਂਸ, ਪਟਿਆਲਾ
  ਫੋਨ: 212121, 2121●1

- ਕੁਲਵੰਤ ਕੌਰ,
  (ਮੈਂਬਰ, ਪੰਜਾਬ ਇਸਤਰੀ ਸਭਾ)
  ਐਫ–12●, ਰਾਜਪੁਰਾ ਕਲੋਨੀ,
  ਪਟਿਆਲਾ।

- ਨਿਰਮਲ ਸਾਂਭਰ,
  (ਮੈਂਬਰ, ਪੰਜਾਬ ਇਸਤਰੀ ਸਭਾ),
  ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਾਰ ਬਾਇਜ਼,
  ਨਾਭਾ,
  ਪਟਿਆਲਾ।